# ਸਮਤਾ

ਅਕਤੂਬਰ 1984 (ਅੰਕ 53)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੰਜੀ ਲਾਇਬ੍ਰੇਰੀ ਵਿੱਚੋਂ।

ਅਕਤੂਬਰ 1984
ਮੁੱਲ—ਦੋ ਰੁਪਏ
53

ਇਸ ਅੰਕ ਵਿਚ :
ਸੰਪਾਦਕੀ : ਅਸੀਂ ਜੋ ਭਾਰਤ ਦੇ ਲੋਕ ਹਾਂ, ਸਾਡੇ ਨਾਲ ਇਕ ਖੇਡ ਖੇਡੀ ਜਾ ਰਹੀ ਹੈ ।
ਸੰਪਾਦਕੀ ਟਿਪਣੀਆਂ : ਅਕਾਲੀ ਸਿਆਸਤ ਤੇ ਖੱਬੀ ਧਿਰ, ਪ੍ਰਧਾਨਗੀ ਰਾਜ ਪ੍ਰਣਾਲੀ ।
ਰਾਏ ਆਮਾ : ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਆਮ ਲੋਕਾਂ ਦੀ ਰਾਇ ।
ਵਿਚਾਰ ਚਰਚਾ : ਸਟੇਟ ਦਾ ਖਾਸਾ ਅਤੇ ਫਿਰਕਾਪ੍ਰਸਤੀ/ਕਰਿਤ ਵਿਚਾਰ ਮੰਚ ਚੰਡੀਗੜ੍ਹ ਅਤੇ ਮਾਰਕਸੀ ਵਿਚਾਰ ਮੰਚ ਪਟਿਆਲਾ
ਇਕ ਖੁਲ੍ਹਾ ਖੱਤ : ਅਜੀਤ ਕੌਰ ਦੇ ਨਾਂ/ਕੇ. ਐਲ. ਗਰਗ ।
ਸੋਸ਼ਲ ਹੈਲਥ ਰੀਵੀਊ : ਇਕ ਮਜ਼ਦੂਰ, ਬਨਾਮ ਡਾਕਟਰ ।
ਇਕ ਨੋਟ : ਕਥਿਤ ਬਾਜਾਂ ਦੀ ਹਕੀਕਤ ।
ਪੁਸਤਕ ਪਹਿਚਾਣ : ਪੈਮਾਨੇ ਇਨਕਲਾਬ/ਜਗਮੋਹਣ ਜੋਸ਼ੀ ।
ਪਾਠਕ ਲੇਖਕ ਫੋਰਮ : ਗੁਰਨਾਮ ਸਿੰਘ, ਇਕ ਫੌਜੀ ਪਾਠਕ, ਜਤਿੰਦਰ ਸੰਗਰੂਰ, ਬਲਬੀਰ ਪਰਵਾਨਾ ।

## ਸੰਪਾਦਕੀ/ਅਸੀਂ ਜੋ ਭਾਰਤ ਦੇ ਲੋਕ ਹਾਂ :

ਅਸੀਂ ਚੁੱਪ ਹਾਂ, ਪਰ ਅਸੀਂ ਦੇਖ ਸਭ ਕੁਝ ਰਹੇ ਹਾਂ। ਸੁਣ ਸਭ ਕੁਝ ਰਹੇ ਹਾਂ, ਪੜ੍ਹ ਸਭ ਕੁਝ ਰਹੇ ਹਾਂ :

o ਅਸੀਂ ਦੇਖ ਰਹੇ ਹਾਂ ਕਿ ਸਾਡੀ ਪ੍ਰਧਾਨ ਮੰਤਰੀ ਦੇ ਚਹੇਤੇ ਨੌਜਵਾਨ ਜਿਨ੍ਹਾਂ ਨੇ ਆਪਣੇ ਆਪ ਨੂੰ ਨੈਸ਼ਨਲ ਸਟੂਡੈਂਟ ਯੂਨੀਅਨ ਆਫ ਇੰਡੀਆ (NSUI.) ਦੇ ਨਾਂ ਥਲੇ ਜਥੇਬੰਦ ਕੀਤਾ ਹੋਇਆ ਹੈ, ਇਕ ਵੱਡੀ ਗੁੰਡਾ ਤਾਕਤ ਬਣ ਕੇ ਸਾਹਮਣੇ ਆ ਗਈ ਹੈ। ਇਹਨਾਂ ਕਥਿਤ ਵਿਦਿਆਰਥੀਆਂ ਦਾ ਸਾਲਾਨਾ ਸਮਾਗਮ ਨਾਗਪੁਰ ਹੋਇਆ ਹੈ। ਇਸ ਨੂੰ ਪ੍ਰਧਾਨ ਮੰਤਰੀ ਜਿਸ ਨੂੰ ਇਹ ਨੌਜਵਾਨ 'ਅੰਮਾਂ' ਕਹਿਣ ਲੱਗ ਪਏ ਨੇ, ਨੇ ਸੰਬੋਧਨ ਕੀਤਾ ਹੈ। ਉਹਨੇ ਆਪਣੇ ਭਾਸ਼ਨ ਵਿਚ ਕਿਹਾ : "ਮੇਰੇ ਪੁੱਤਰੋ, ਤੁਸੀਂ ਹੀ ਦੇਸ਼ ਦਾ ਭਵਿੱਖ ਹੋ।" ਇਹ ਚਾਂਭਲਿਆ ਹੋਇਆ ਦੇਸ਼ ਦਾ ਭਵਿੱਖ ਜਦੋਂ ਨਾਗਪੁਰ ਗਿਆ ਉਹਨੇ ਗੱਡੀ ਦੀ ਕੋਈ ਟ੍ਰਿਕਟ ਨਹੀਂ ਲਈ (ਅਖੇ ਸਾਡੀ ਅੰਮਾਂ ਦੀ ਗੱਡੀ ਹੈ) ਰਸਤੇ ਵਿਚ ਹਰ ਸਟੇਸ਼ਨ ਤੇ ਉਹਨਾਂ ਨੇ ਲੁੱਟ-ਮਾਰ ਕੀਤੀ। ਇਕ ਥਾਂ ਗੱਡੀ ਖੜੀ ਕਰਕੇ ਸ਼ਹਿਰ ਕੰਜਰੀਆਂ ਦੇ ਬਾਜ਼ਾਰ ਜਾ ਵੜੇ, ਉਹਨਾਂ ਨੂੰ ਨੰਗਿਆਂ ਕਰਕੇ, ਬੇਇਜ਼ਤ ਕਰਕੇ ਸਟੇਸ਼ਨ ਤਕ ਖਿੱਚ ਲਿਆਏ। ਇਹ ਨਾਗਪੁਰ ਜਾਂਦਿਆਂ ਦੀਆਂ ਕਰਤੂਤਾਂ ਸਨ। ਅੰਮਾਂ ਨੂੰ ਇਹ ਸਭ ਪਤਾ ਸੀ, ਫੇਰ ਵੀ ਉਹਨੇ ਇਹਨਾਂ ਨੂੰ ਭਾਰਤ ਦੇ ਸਪੂਤ, ਤੇ ਦੇਸ਼ ਦਾ ਭਵਿੱਖ ਆਖਿਆ ਤੇ ਇਕ ਵੀ ਸ਼ਬਦ ਵੀ ਇਹਨਾਂ ਦੀ ਨਿਖੇਧੀ ਵਿਚ ਨਾ ਕਿਹਾ। ਨਾਗਪੁਰ ਤੋਂ ਵਾਪਸੀ ਤੇ ਇਹ ਹੋਰ ਚਾਂਬਲ ਗਏ। ਨਰਬਦਾ ਦਰਿਆ ਦੇ ਪੁੱਲ ਤੇ ਗੱਡੀ ਖੜੀ ਕਰ ਲਈ, "ਅਖੇ ਹਮ ਤੋ ਨਰਬਦਾ ਮੇਂ ਇਸ਼ਨਾਨ ਕਰਕੇ ਜਾਏਂਗੇ।" ਦੋ ਘੰਟੇ ਬਾਕੀ ਮੁਸਾਫਰਾਂ ਨੂੰ ਪੁੱਲ ਤੇ ਟੰਗੀ ਰਖਿਆ। ਰਾਹ ਦੇ ਸਾਰੇ ਸਟੇਸ਼ਨਾਂ ਤੇ ਜਦੋਂ ਪਤਾ ਲੱਗਾ ਕਿ ਅੰਮਾਂ ਦੇ ਸਪੂਤ ਵਾਪਸ ਆ ਰਹੇ ਨੇ, ਉਹ ਸਟੇਸ਼ਨ ਹੀ ਖਾਲੀ ਕਰ ਗਏ। ਹੁਣ ਇਹ ਸਪੂਤ ਆਪਣੇ ਆਪਣੇ ਸ਼ਹਿਰਾਂ ਵਿਚ ਪੁੱਜ ਗਏ ਹਨ ਤੇ ਇਸ ਗੱਲ ਦੀ ਤਿਆਰੀ ਕਰ ਰਹੇ ਹਨ ਕਿ ਅੰਮਾਂ ਨੂੰ ਚੋਣਾਂ ਕਿਸ ਤਰ੍ਹਾਂ ਜਿਤਾਣੀਆਂ ਹਨ।

o ਅਸੀਂ ਦੇਖ ਰਹੇ ਹਾਂ ਕਿ ਭਾਰਤ ਦੀ ਫੌਜ, ਜਿਸ ਦੀ ਸਿਖਲਾਈ ਤਾਂ ਦੇਸ਼ ਦੀ ਰਖਿਆ ਲਈ ਕੀਤੀ ਗਈ ਸੀ, ਹੁਣ ਪੰਜਾਬ ਵਿਚ ਪੁਲਸ ਅਮਲੇ ਦੇ ਨਾਲ ਰਲ ਕੇ ਨਾਜਾਇਜ਼ ਉਗਰਾਹੀ ਦੀ ਸਿਖਲਾਈ ਲੈ ਰਹੀ ਹੈ। ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਲਿਆਓ, ਉਹਨਾਂ ਉਤੇ ਅਤਿਵਾਦੀ ਹੋਣ ਦਾ ਇਲਜ਼ਾਮ ਲਗਾ ਦੇਵੋ। ਘੋਰ ਤਸੀਹੇ ਦੇਣ ਦੀ ਦਹਿਸ਼ਤ ਪਾਓ, ਸਨਬੰਧੀਆਂ ਕੋਲੋਂ ਪੈਸੇ ਉਗਰਾਹੋ ਤੇ ਪੁੱਛ ਗਿਛ ਕਰਕੇ ਛੱਡ ਦੇਵੋ। ਵਿਚ ਵਿਚ ਝੂਠੇ ਮੁਕਾਬਲੇ ਬਣਾ ਕੇ ਮਾਰ ਵੀ ਦੇਵੋ ਤਾਂ ਜੋ ਦਹਿਸ਼ਤ ਵਧੇ ਅਤੇ ਉਗਰਾਹੀ ਦਾ ਰੇਟ ਵਧ ਸਕੇ। ਫੌਜ ਦੀ ਇਹਨਾਂ ਲੀਹਾਂ ਤੇ ਸਿਖਲਾਈ ਦੇਸ਼ ਦੀ ਰਾਖੀ ਵੇਲੇ ਅਮਲ ਵਿਚ ਕੀ ਚੰਨ ਚਾੜ੍ਹੇਗੀ, ਇਸ ਦਾ ਅਨੁਮਾਨ ਸੌਖਾ ਹੀ ਲਗਾਇਆ ਜਾ ਸਕਦਾ ਹੈ।

o ਅਸੀਂ ਦੇਖ ਰਹੇ ਹਾਂ ਕਿ ਸਰਕਾਰ ਨੇ ਆਪਣਾ ਕੋਈ ਤਮਾਸ਼ਾ ਕਰਨਾ ਹੋਵੇ ਭਾਵੇਂ ਉਹ ਰਾਸ਼ਟਰਪਤੀ ਦਾ ਹਵਾਈ ਅੱਡੇ ਤੇ ਸੁਆਗਤ ਕਰਨ ਦਾ ਹੋਵੇ, ਸਰਬਤ ਖਾਲਸਾ ਦੀ ਕਨਵੈਂਸ਼ਨ ਦਾ ਹੋਵੇ ਜਾਂ ਕਥਿਤ ਸੱਦਭਾਵਨਾ ਦਾ ਕੋਈ ਮਾਰਚ ਹੋਵੇ, ਟਰੱਕਾਂ ਟਰਾਲੀਆਂ ਦੇ ਕਾਫ਼ਲੇ ਦੇ ਕਾਫ਼ਲੇ ਚਲਾਏ ਜਾਂਦੇ ਹਨ ਪਰ ਜੇਕਰ ਵਿਰੋਧੀਆਂ ਨੇ ਕੋਈ ਕਨਵੈਨਸ਼ਨ ਕਰਨੀ ਹੋਵੇ, ਕਿਸਾਨਾਂ ਨੇ ਕੋਈ ਵਿਖਾਵਾ ਕਰਨਾ ਹੋਵੇ ਤਾਂ ਬੱਸਾਂ ਵੀ ਬੰਦ ਹੋ ਜਾਂਦੀਆਂ ਹਨ ਤੇ ਥਾਂ ਥਾਂ ਸੜਕਾਂ ਤੇ ਨਾਕੇ ਵੀ ਲੱਗ ਜਾਂਦੇ ਹਨ। ਇਹ ਦੂਹਰੇ ਰੰਗਾਂ ਦੇ ਨਿਆਂ ਵਾਲੇ ਕਾਨੂੰਨ ਹੁਣ ਸਾਸ਼ਨ ਦਾ ਇਕ ਦਸਤੂਰ ਬਣ ਗਏ ਹਨ।

o ਅਸੀਂ ਦੇਖ ਰਹੇ ਹਾਂ ਕਿ ਸਾਰੇ ਸਮਾਜ ਦੁਸ਼ਮਣ ਲੋਕ ਭਾਵੇਂ ਉਹ ਬਲੈਕੀਏ ਹੋਣ, ਸਮਗਲਰ ਹੋਣ, ਇਨਕਮ ਟੈਕਸ ਚੋਰ ਹੋਣ, ਹੁਣ ਸਰਕਾਰ ਦੀ ਉੱਤਲੀ ਤੋਂ ਉੱਤਲੀ ਪੌੜੀ ਤਕ ਔਖਣੀ ਪਹੁੰਚ ਰੱਖਦੇ ਹਨ। ਉਹ ਆਪਣਾ ਧੰਦਾ ਜਾਰੀ ਰਖਣ, ਆਪਣੀ ਤਾਕਤ ਵਿਖਾਉਣ ਲਈ ਫਿਰਕੂ ਦੰਗੇ ਜਾਂ ਫਸਾਦ ਕਰਵਾ ਦੇਣ (ਬੰਬਈ, ਭਵੰਡੀ, ਹੈਦਰਾਬਾਦ) ਉਹਨਾਂ ਨੂੰ ਕੋਈ ਰੋਕ ਨਹੀਂ।

o ਅਸੀਂ ਦੇਖ ਰਹੇ ਹਾਂ ਤੇ ਸੁਣ ਰਹੇ ਹਾਂ ਕਿ ਸਰਕਾਰੀ ਪਰਚਾਰ ਵਸੀਲਿਆਂ ਰਾਹੀਂ ਭਾਵੇਂ ਉਹ ਰੇਡੀਓ ਹੋਵੇ, ਭਾਵੇਂ ਟੈਲੀਵੀਜ਼ਨ ਹੋਵੇ ਭਾਵੇਂ ਸਰਕਾਰੀ ਇਸ਼ਤਿਹਾਰ ਹੋਣ—ਬਾਬਿਆਂ, ਸੰਤਾਂ, ਸਾਧਾਂ, ਯੋਗੀਆਂ, ਦੇਵੀ ਦੇਵਤਿਆਂ, ਪੀਰਾਂ, ਫਕੀਰਾਂ ਦੀਆਂ ਕਰਾਮਾਤਾਂ, ਕੌਤਕਾਂ ਦਾ ਖੁਲ੍ਹਾ ਪਰਚਾਰ ਕੀਤਾ ਜਾ ਰਿਹੈ ਤਾਂ ਜੋ ਲੋਕਾਂ ਦੇ ਸੰਘਰਸ਼ਾਂ ਨੂੰ, ਉਹਨਾਂ ਦੀ ਸੋਚਣੀ ਨੂੰ ਪੂਰੀ ਤਰ੍ਹਾਂ ਧੁੰਦਲਾ ਕਰ ਦਿਤਾ ਜਾਏ। ਜੈ ਸੰਤੋਸ਼ੀ ਮਾਂ, ਅਲ ਇਲਾਹੀ, ਹਮ ਗਰੀਬ ਨਿਵਾਜ਼ ਆਦਿਕ ਫਿਲਮਾਂ ਕੌਮੀ ਪੱਧਰ ਤੇ ਦਿਖਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਸਿਵਾਏ ਵਹਿਮਾਂ ਦੇ, ਕੌਤਕਾਂ, ਕਰਾਮਾਤਾਂ ਦੇ ਕੁਝ ਨਹੀਂ ਹੁੰਦਾ।

o ਅਸੀਂ ਸੂਰੀਆ ਮੈਗਜ਼ੀਨ (ਸਤੰਬਰ 1984) ਵਿਚ ਪੜ੍ਹਦੇ ਹਾਂ (ਉਸ ਵਿਚ ਇਹ ਸਭ ਕੁਝ ਹਵਾਲੇ ਦੇ ਕੇ ਲਿਖਿਆ ਹੋਇਆ ਹੈ) ਕਿ, ਪ੍ਰਧਾਨ ਮੰਤਰੀ ਦੀ ਸਿੱਧੀ ਨਿਗਰਾਨੀ ਥੱਲੇ 'ਤੀਜੀ ਏਜੰਸੀ' ਦੇਸ਼ ਵਿਚ ਸਰਗਰਮ ਹੈ, ਜਿਸ ਦਾ ਇਹ ਕੰਮ ਹੈ ਕਿ ਹਰ ਜਾਇਜ਼ ਜਾਂ ਨਜਾਇਜ਼ ਤਰੀਕੇ ਨਾਲ ਦੇਸ਼ ਵਿਚ ਇਹੋ ਜਿਹੀਆਂ ਕਾਰਵਾਈਆਂ ਕੀਤੀਆਂ ਜਾਣ, ਜਿਨ੍ਹਾਂ ਰਾਹੀਂ ਇਹ ਵੇਖਿਆ ਜਾਏ ਕਿ ਪ੍ਰਧਾਨ ਮੰਤਰੀ ਦੀ ਚੋਣਾਂ ਵਿਚ ਜਿੱਤ ਯਕੀਨੀ ਹੋ ਜਾਏ ਅਤੇ ਨਾਲ ਹੀ ਉਹਦੀ ਕੁਰਸੀ ਨੂੰ ਕਿਸੇ ਕਿਸਮ ਦਾ ਖਤਰਾ ਨਾ ਹੋਵੇ। ਇਹ ਏਜੰਸੀ ਸ੍ਰੀ ਲੰਕਾ ਵਿਚ ਵੀ ਸਰਗਰਮ ਹੈ ਅਤੇ ਤਾਮਿਲ ਅਤਿਵਾਦੀਆਂ ਨਾਲ ਇਹਦਾ ਪੂਰਾ ਸੰਪਰਕ ਹੈ। ਜੰਮੂ-ਕਸ਼ਮੀਰ, ਅਸਾਮ ਆਂਧਰਾ, ਕਰਨਾਟਕ ਵਿਚ ਵੀ ਪੂਰੀ ਤਰ੍ਹਾਂ ਸਰਗਰਮ ਹੈ। ਪੰਜਾਬ ਵਿਚ ਤਾਂ ਜੋ ਕੁਝ ਪਿਛਲੇ ਤਿੰਨ ਚਾਰ ਸਾਲਾਂ ਵਿਚ ਹੋਇਆ ਹੈ, ਇਹਦੀ ਪੂਰੀ ਜ਼ਿਮੇਂਵਾਰੀ ਇਸੇ ਏਜੰਸੀ ਉਤੇ ਹੈ। ਇਹੋ ਹੀ ਏਜੰਸੀ ਹੈ, ਜਿਸ ਨੇ ਉਤਰੀ ਭਾਰਤ ਵਿਚ ਹਿੰਦੂਆਂ ਦੀ ਵੋਟ ਪੱਕੀ ਕਰਨ ਲਈ ਅਤੇ ਅਕਾਲੀਆਂ ਨੂੰ ਸਿਆਸੀ ਤੌਰ ਤੇ ਮਾਰਨ ਲਈ ਇਕ ਡੂੰਘੀ ਸਾਜ਼ਸ਼ ਰੱਚੀ। ਸੰਤ ਭਿੰਡਰਾਂ ਵਾਲਾ ਨੂੰ ਪਹਿਲੋ ਸਥਾਪਤ ਕੀਤਾ, ਫੇਰ ਉਹਦੀ ਮਾਨਤਾ ਨੂੰ ਵਰਤਦੇ ਹੋਏ ਉਹਨੂੰ ਇਕ ਹਥਿਆਰਬੰਦ ਸ਼ਕਤੀਸ਼ਾਲੀ ਵਿਅਕਤੀ ਵਿਚ ਤਬਦੀਲ ਕੀਤਾ। ਉਹਨੂੰ ਹਥਿਆਰਾਂ ਦੀ ਖੁਲ੍ਹੀ ਸਪਲਾਈ ਹੋਣ ਦਿਤੀ ਅਤੇ ਅਖੀਰ ਵਿਚ ਜਦੋਂ ਸਾਰੇ ਮੰਤਵ ਪੂਰੇ ਹੋ ਗਏ, ਤਾਂ ਉਹਨੂੰ ਹੀ ਖਤਮ ਕਰ ਦਿਤਾ ਤਾਂ ਜੋ ਕੋਈ ਸਬੂਤ ਬਾਕੀ ਨਾ ਰਹੇ। ਸੂਰੀਆ ਵਿਚ ਲਿਖਣ ਵਾਲਾ ਪੱਤਰਕਾਰ ਇਸ ਗੱਲ ਨੂੰ ਚੈਲਿੰਜ ਦੇ ਰੂਪ ਵਿਚ ਲਿਖਦਾ ਹੈ ਕਿ 40 ਦੇ ਕਰੀਬ ਜਿਹੜੇ ਰੇਲਵੇ ਸਟੇਸ਼ਨਾਂ ਨੂੰ ਅੱਗ ਲਗੀ, ਉਹ ਇਸੇ 'ਤੀਜੀ ਏਜੰਸੀ' ਦਾ ਕੰਮ ਸੀ। ਪੜ੍ਹਨ ਵਾਲਾ ਹੈਰਾਨ ਹੋ ਜਾਂਦਾ ਹੈ ਕਿ ਆਪਣੇ ਹੀ ਦੇਸ਼ ਦੀ ਪ੍ਰਧਾਨ ਮੰਤਰੀ ਆਪਣੇ ਹੀ ਦੇਸ਼ ਦੇ ਇਕ ਹਿੱਸੇ ਨੂੰ ਤੇ ਆਪਣੇ ਹੀ ਦੇਸ਼ ਵਾਸੀਆਂ ਦੇ ਇਕ ਫਿਰਕੇ ਦੀ ਇਸ ਤਰ੍ਹਾਂ ਤਬਾਹੀ ਦੀ ਸਾਜ਼ਿਸ਼ ਕਰ ਸਕਦੀ ਹੈ।

... ...ਤੇ ਅਸੀਂ ਸਭ ਕੁਝ ਅਤੇ ਹੋਰ ਵੀ ਬਹੁਤ ਕੁਝ ਪੜ੍ਹ ਰਹੇ ਹਾਂ, ਸੁਣ ਰਹੇ ਹਾਂ, ਦੇਖ ਰਹੇ ਹਾਂ। ਗੇਂਦ ਸਾਡੇ ਵਿਹੜੇ ਵਿਚ ਆ ਡਿਗਿਆ ਹੈ। ਆਓ ਦੁਸ਼ਮਣ ਦੀ ਪਛਾਣ ਕਰੀਏ। ਭੰਬਲ ਭੂਸਿਆਂ ਵਿਚ ਨਾ ਪਈਏ। ਆਪਸੀ ਏਕੇ ਨੂੰ ਭੰਗ ਨਾ ਹੋਣ ਦੇਈਏ। ਚੇਤਨ ਹੋ ਕੇ ਦੁਸ਼ਮਣ ਦੀਆਂ ਚਾਲਾਂ ਸਮਝੀਏ। ਉਸਨੂੰ ਉਹਦੀ ਖੇਡ ਵਿਚ ਹਰਾਈਏ। ਉਹਦੇ ਕੋਲ ਪੈਸਾ ਹੈ, ਸਾਧਨ ਹੈ, ਚੋਣਾਂ ਤੇ ਜਮਹੂਰੀਅਤ ਵਰਗੇ ਛਲਾਵੇ ਹਨ। ਸਾਡੇ ਕੋਲ ਸੂਝ ਹੈ, ਚੇਤੰਨ ਇਰਾਦੇ ਹਨ, ਇਹੀ ਸੂਝ ਤੇ ਚੇਤਨਾ ਸਾਡੇ ਹਥਿਆਰ ਹਨ, ਸਾਡੇ ਸਾਧਨ ਹਨ। ਅਸੀਂ ਇਹ ਵਰਤਕੇ ਖੇਡ ਜਿਤਨੀ ਹੈ, ਇਹਦੇ ਵਿਚ ਹੀ ਸਾਡੇ ਕ੍ਰੋੜਾਂ ਲੋਕਾਂ ਦੀ ਨਿਜਾਤ ਹੈ। —**ਗੁਰਸ਼ਰਨ ਸਿੰਘ**

## 1. ਅਕਾਲੀ ਸਿਆਸਤ ਤੇ ਖੱਬੀ ਧਿਰ

ਅਕਾਲੀਆਂ ਦਾ ਸਿਖਾਂ ਵਿਚ ਅਵਾਮੀ ਆਧਾਰ ਵੇਖ ਕੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਖੱਬੀ ਧਿਰ ਦੇ ਲੋਕ ਬਹੁਤ ਵਾਰ ਅਕਾਲੀ ਪਾਰਟੀ ਨਾਲ ਨੇੜਤਾ ਜ਼ਾਹਰ ਕਰਦੇ ਹਨ। ਉਹਨਾਂ ਦੇ ਇਹ ਕਰਨ ਪਿਛੇ ਇਹ ਵੀ ਸੋਚ ਕੰਮ ਕਰਦੀ ਹੈ ਕਿ ਇਹ ਪਾਰਟੀ ਇੰਦਰਾ ਗਾਂਧੀ ਦੇ ਇਕ ਪੁਰਖੀ ਤਾਨਾਸ਼ਾਹੀ ਰਾਜ ਨੂੰ ਹਮੇਸ਼ਾ ਚਣੌਤੀ ਦੇਂਦੀ ਰਹੀ ਹੈ ਜਾਂ ਹੁਣ ਵੀ ਦੇਂਦੀ ਹੈ। ਇਹ ਵੀ ਸੱਚਾਈ ਹੈ ਕਿ ਇਸ ਸਮੇਂ ਇਹ'ਪਾਰਟੀ ਹਕੂਮਤ ਦੇ ਤਾਨਾਸ਼ਾਹੀ ਜਬਰ ਦਾ ਸਾਰਿਆਂ ਨਾਲੋਂ ਵਧ ਸ਼ਿਕਾਰ ਹੋਈ ਹੈ। ਪਰ ਸਾਨੂੰ ਭੁਲ ਨਹੀਂ ਜਾਣਾ ਚਾਹੀਦਾ ਕਿ ਪੰਜਾਬ ਵਿਚ ਇਹੋ ਪਾਰਟੀ ਹੈ, ਜਿਸ ਨੇ ਪੰਜਾਬ ਦੇ ਲੋਕਾਂ ਦੀ ਹਰ ਜਾਇਜ਼ ਮੰਗ ਨੂੰ ਧਰਮ 'ਨਾਲ ਰੱਲਗੱਡ ਕਰਕੇ ਧੁੰਦਲਾ ਕੀਤਾ ਹੈ। 1947 ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਜੋ ਕੁਝ ਗਲਤ ਹੋਇਆ ਹੈ, ਅਕਾਲੀ ਪਾਰਟੀ ਕਾਂਗਰਸ ਦੇ ਨਾਲ ਨਾਲ ਇਸ ਵਿਚ ਪੂਰੀ ਭਾਈਵਾਲ ਹੈ। ਪਿਛਲੇ ਤੀਹਾਂ ਸਾਲਾਂ ਤੋਂ ਇਹ ਪਾਰਟੀ ਪੰਜਾਬ ਦੇ ਕਿਸੇ ਨਾ ਕਿਸ ਮਸਲੇ ਨੂੰ ਲੈ ਕੇ ਵਡੇ 'ਮੋਰਚੇ' ਲਗਾਂਦੀ ਰਹੀ ਹੈ। ਉਸ ਮੋਰਚੇ ਨੂੰ ਧਰਮ ਯੁੱਧ ਵਿਚ ਬਦਲਕੇ ਅਜੀਬ ਅਜੀਬ ਪੈਂਤੜੇ ਬਦਲਦੀ ਹੈ। ਸਮਝੌਤੇ ਕਰਦੀ ਹੈ, ਮੋਰਚਾ ਵਾਪਸ ਲੈਂਦੀ ਹੈ, ਥੋੜੀ ਦੇਰ ਬਾਅਦ ਅਹਿਸਾਸ ਕਰਦੀ ਹੈ ਕਿ ਪ੍ਰਾਪਤੀ ਕੁਝ ਨਹੀਂ ਹੋਈ ਤੇ ਫੇਰ ਦੁਬਾਰਾਂ ਮੋਰਚਾ ਲਗਾ ਦੇਂਦੀ ਹੈ। ਲੋਕ ਤੀਹਾਂ ਸਾਲਾਂ ਦੇ ਗੱਧੀਗੇੜ ਵਿਚ ਪਏ ਹੋਏ ਹਨ। ਹੇਠ ਲਿਖੀਆਂ ਘਟਨਾਵਾਂ ਇਸ ਉਪਰਲੇ ਕਥਨ ਦਾ ਸਬੂਤ ਹਨ :

1. ਪੰਜਾਬੀ ਸੂਬਾ ਐਜੀਟੇਸ਼ਨ (1955) ਰੀਜਨਲ ਫਾਰਮੂਲਾ ਮੰਨ ਕੇ ਖਤਮ ਕਰ ਦਿਤੀ ਗਈ। ਗਿਆਨੀ ਕਰਤਾਰ ਸਿੰਘ, ਸ. ਹੁਕਮ ਸਿੰਘ ਆਦਿਕ ਅਕਾਲੀ ਲੀਡਰ ਕਾਂਗਰਸ ਵਿਚ ਸ਼ਾਮਲ ਹੋ ਗਏ। ਮਸਲਾ ਉਥੇ ਦਾ ਉਥੇ ਰਿਹਾ।
2. ਮਾਸਟਰ ਤਾਰਾ ਸਿੰਘ ਜੀ ਨੇ ਇਸ ਮੰਗ ਲਈ ਅਗਸਤ 1961 ਵਿਚ ਮਰਨ ਵਰਤ ਰੱਖਿਆ ਪਰ 48 ਦਿਨਾਂ ਦਾ ਤਸੀਹਾ ਝੱਲ ਕੇ ਬਾਅਦ ਵਿਚ ਵਰਤ ਤੋੜ ਦਿਤਾ। ਮਸਲਾ ਉਥੇ ਦਾ ਉਥ ਰਿਹਾ।
3. ਪੰਜਾਬੀ ਸੂਬਾ 1966 ਵਿਚ ਬਣਿਆ। ਪਰ ਚੰਡੀਗੜ੍ਹ ਤੇ ਹੋਰ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰਹਿ ਗਏ। ਲੋਕਾਂ ਕਿਹਾ ਇਹ ਸੂਬੀ ਜਿਹੀ ਕੀ ਮੰਨ ਲਈ ਏ ? ਸੰਤ ਫਤਹਿ ਸਿੰਘ ਨੇ ਚੰਡੀਗੜ੍ਹ ਦੀ ਸ਼ਮੂਲੀਅਤ ਲਈ ਅਗਨ ਕੁੰਡ ਵਿਚ ਸੜ ਮਰਨ ਦੀ ਅਰਦਾਸ ਕਰ ਦਿਤੀ, ਪਰ ਸੜੇ ਨਹੀਂ ਕਿਉਂਕਿ ਅੱਧਾ ਘੰਟਾ ਪਹਿਲੇ ਸ. ਹੁਕਮ ਸਿੰਘ ਇੰਦਰਾ ਗਾਂਧੀ ਦਾ ਪਰਵਾਨਾ ਲੈ ਕੇ ਆ ਗਏ। ਬਾਅਦ ਵਿਚ ਪਤਾ ਲੱਗਾ ਕਿ ਇਸ ਵਿਚ ਕੁਝ ਵੀ ਨਹੀਂ ਸੀ। ਚੰਡੀਗੜ੍ਹ ਦਾ ਮਸਲਾ ਉਥੇ ਰਿਹਾ। ਸਿਖਾਂ ਮਹਿਸੂਸ ਕੀਤਾ ਕਿ ਪਹਿਲੇ ਮਾਸਟਰ ਤਾਰਾ ਸਿੰਘ ਦੇ ਵਰਤ ਤੋੜਨ ਨਾਲ ਤੇ ਪਿਛੋਂ ਸੰਤ ਫਤਹਿ ਸਿੰਘ ਦਾ ਸੜਕੇ ਨਾ ਮਰਨ ਨਾਲ ਉਹਨਾਂ ਦੀ 'ਤੋਇ ਤੋਇ' ਹੋ ਗਈ ਗਈ ਹੈ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਇਹ ਦਾਗ ਧੋਣ ਲਈ ਲੰਮਾ ਵਰਤ ਰੱਖ ਕੇ ਜਾ ਸ਼ਹਾਦਤ ਦਿਤੀ, (ਇਹ ਪਤਾ ਨਹੀਂ ਕੀ ਸਿਆਸਤ ਸੀ ?)
4. ਹੁਣ ਫੇਰ ਇਹੋ ਹੋਇਆ ਹੈ। ਮੋਰਚੇ ਦੀ ਚੜ੍ਹਤ ਹੋਈ। ਲੱਖ ਬੰਦਾ ਜੇਹਲ ਵਿਚ ਗਿਆ। ਬਾਅਦ ਵਿਚ ਨਤੀਜਾ ਅਕਾਲ ਤਖਤ ਦੀ ਤਬਾਹੀ ਵਿਚ ਨਿਕਲਿਆ।

ਜੇ ਦੇਖਿਆ ਜਾਏ ਤਾਂ ਏਨੀਆਂ ਚੜ੍ਹਤਾਂ ਤੇ ਕੁਰਬਾਨੀਆਂ ਦੇ ਬਾਅਦ ਵੀ ਕੋਈ ਨਤੀਜਾ ਨਹੀਂ ਨਿਕਲਦਾ ਤਾਂ ਇਸ ਦਾ ਵੱਡਾ ਕਾਰਨ ਅਕਾਲੀ ਪਾਰਟੀ ਦੀ ਸਾਰੀ ਸਿਆਸਤ ਦਾ ਅਧਾਰ 'ਧਰਮ' ਹੈ ਭਾਵੇਂ ਮੰਗਾਂ ਸਿਆਸੀ ਜਾਂ ਆਰਥਕ ਹੋਣ। ਇਹ ਅਰਦਾਸ ਕਰਕੇ ਧਰਮ ਯੁੱਧ ਵਿਚ ਜਾ ਕੁੱਦਦੇ ਹਨ। ਕਾਂਗਰਸੀ ਅਰਦਾਸ ਨਹੀਂ ਕਰਦੇ ਇਸ ਲਈ ਉਹ ਸਿਆਸਤ ਦੀਆਂ ਜ਼ਰੂਰਤਾਂ ਅਨੁਸਾਰ ਬਦਲਕੇ ਇਹਨਾਂ ਨੂੰ ਚੱਕਮੇ ਦੇ ਦੇਂਦੇ ਹਨ। ਅਕਾਲੀ ਪਾਰਟੀ ਵਿਚ ਕੁਝ ਲੋਕ ਉਹਨਾਂ ਨੂੰ ਹਮੇਸ਼ਾ ਇਹੋ ਜਿਹੇ ਲੱਭ ਪੈਂਦੇ ਹਨ ਜੋ ਇਹਨਾਂ ਦੇ ਅੜਿਕੇ ਚੜ੍ਹ ਜਾਂਦੇ ਹਨ। ਅਕਾਲੀ ਪਾਰਟੀ ਆਪਣਾ ਪਿਛਲੇ ਸਾਲਾਂ ਦਾ ਹੀ ਕੁਝ ਰੀਕਾਰਡ ਫਰੋਲਣ ਤਾਂ ਉਹਦੇ ਵਿਚ ਬੜੀਆਂ ਲਿਖਤਾਂ ਤੇ ਰੇਜ਼ੂਲੇਸ਼ਨ ਮਿਲ ਜਾਣਗੇ ਜਦੋਂ ਉਹਨਾਂ ਨੇ ਇਸੇ ਇੰਦਰਾ ਗਾਂਧੀ ਨੂੰ 'ਸਿੱਖਾਂ ਦੀ ਸਭ ਤੋਂ ਵੱਡਾ ਦੋਸਤ' ਅਤੇ ਇਸੇ ਤਨਖਾਹੀਆ ਕਰਾਰ ਦਿਤੇ ਗਏ ਗਿਆਨੀ ਜ਼ੈਲ ਸਿੰਘ ਨੂੰ ਸੱਚਾ ਸੁੱਚਾ 'ਗੁਰੂ ਦਾ ਸਿੱਖ' ਆਖ ਕੇ ਸਨਮਾਨਿਆ ਹੋਵੇਗਾ। ਅਕਾਲੀਆਂ ਨੇ ਆਪਣੀ ਸਿਆਸਤ ਨੂੰ ਧਰਮ ਦੀ ਵਲਗਣ ਵਿਚੋਂ ਕਢਣਾ ਨਹੀਂ ਇਸੇ ਕਰਕੇ ਇਨ੍ਹਾਂ ਆਪ ਵੀ ਚੱਕਮੇ ਖਾਂਦੇ ਰਹਿਣਾ ਹੈ ਤੇ ਲੋਕਾਂ ਨੂੰ ਗੁੰਮਰਾਹ ਕਰਦੇ ਰਹਿਣਾ ਹੈ।

ਵੀਹਵੀਂ ਸਦੀ ਵਿਚ ਧਰਮ ਆਧਰਤ ਸਿਆਸਤ ਪਿਛਾਖੜ ਸਿਆਸਤ ਹੈ ਤੇ ਪਿਛਾਖੜੇ ਹਥਿਆਰ ਨਾਲ

## ਰਾਏ ਆਮਾ

○ ਇਹ ਸਾਡੇ ਗਵਾਂਢੀ ਹਨ, ਜੋ ਨਾਜਾਇਜ਼ ਤੌਰ ਤੇ ਸਾਡੀ ਜ਼ਮੀਨ ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਕੁਝ ਗੁੰਡਿਆਂ ਰਾਹੀਂ ਸਾਨੂੰ ਧਮਕੀਆਂ ਵੀ ਦਿਤੀਆਂ ਹਨ। ਉਹਨਾਂ ਨੇ ਆਂਢ-ਗਵਾਂਢ 'ਚ ਇਹ ਗੱਲ ਵੀ ਧੁਮਾ ਦਿਤੀ ਕਿ ਅਸੀਂ ਭਿੰਡਰਾਂ ਵਾਲਾ ਦੀ ਮੌਤ ਤੇ ਲਡੂ ਵੰਡੇ ਹਨ। ਸੱਚ ਤਾਂ ਇਹ ਹੈ ਸਾਡੇ ਮੂੰਹੋਂ ਹਾਲੇ ਤਕ ਭਿੰਡਰਾਂ ਵਾਲਾ ਦੇ ਹੱਕ ਵਿਚ ਜਾਂ ਵਿਰੋਧ ਵਿਚ ਕਦੀ ਇਕ ਸ਼ਬਦ ਵੀ ਨਹੀਂ ਨਿਕਲਿਆ। ਸਾਡੇ ਕੋਲ ਰੇਡੀਓ ਨਹੀਂ, ਟੈਲੀਵੀਜ਼ਨ ਨਹੀਂ ਤੇ ਕਰਫਿਊ ਵਾਲੇ ਦਿਨਾਂ ਵਿਚ ਸਾਨੂੰ ਤਿੰਨ ਦਿਨਾਂ ਬਾਅਦ ਹੀ ਇਹ ਖਬਰ ਸੁਣਨ ਨੂੰ ਮਿਲੀ ਕਿ ਦਰਬਾਰ ਸਾਹਿਬ ਦੀ ਫੌਜੀ ਕਾਰਵਾਈ ਸਮੇਂ ਸੰਤ ਜੀ ਦੀ ਮ੍ਰਿਤਿਊ ਹੋਈ ਹੈ। ਅਸੀਂ ਲੱਡੂ ਕੀ ਵੰਡਣੇ ਸਨ?

— ਸੁਰਖਸ਼ਾ ਰਾਣੀ, ਬਸਤੀ ਨੌ ਜਲੰਧਰ

○ ਇੰਦਰਾ ਗਾਂਧੀ ਨੇ ਪੰਜਾਬ ਦੇ ਮਸਲੇ ਦਾ ਸਿਆਸੀ ਹੱਲ ਕਰਨ ਦੀ ਥਾਂ, ਜਿਹੜੀ ਸਿਖਾਂ ਨੂੰ ਵੰਡਣ ਦੀ ਨੀਤੀ ਅਪਣਾਈ ਹੋਈ ਹੈ, ਇਹ ਬਿਲਕੁਲ ਪੰਜਾਬ ਦੇ ਹਿੱਤ ਵਿਚ ਨਹੀਂ। ਪੰਜਾਬ ਦੇ ਹਾਲਾਤ ਨੂੰ ਸਾਧਾਰਨ ਕਰਨ ਵਿਚ ਇਹ ਵਡੀ ਰੁਕਾਵਟ ਹਨ। ਇਹਦਾ ਨੁਕਸਾਨ ਹਿੰਦੂਆਂ ਅਤੇ ਸਿੱਖਾਂ ਦੋਨਾਂ ਨੂੰ ਹੋ ਰਿਹਾ ਹੈ। ਸਿੱਖਾਂ ਨੂੰ ਤੇ ਖਾਸ ਕਰਕੇ ਅਕਾਲੀਆਂ ਨੂੰ ਇਹ ਮੌਕਾ ਦਿਤਾ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਅਤਿਵਾਦੀਆਂ ਤੋਂ ਵੱਖ ਕਰ ਸਕਣ। ਅਕਾਲੀਆਂ ਦਾ ਇਹ ਕਥਨ ਹੈ ਕਿ ਉਹ ਅਤਿਵਾਦ ਅਤੇ ਵੱਖਵਾਦ ਦੇ ਹਾਮੀ ਨਹੀਂ ਤਾਂ ਹੀ ਪਰਖਿਆ ਜਾਂ ਸਕਦਾ ਹੈ ਕਿ ਸਾਰੇ ਅਕਾਲੀ ਲੀਡਰ ਜਿਨ੍ਹਾਂ ਉਤੇ ਕਿਸੇ ਕਿਸਮ ਦਾ ਹਿੰਸਾ ਦਾ ਦੋਸ਼ ਨਹੀਂ, ਜੇਲ੍ਹਾਂ ਤੋਂ ਰਿਹਾ ਕੀਤੇ ਜਾਣ ਤੇ ਪੰਜਾਬ ਦੇ ਮਸਲੇ ਦਾ ਸਿਆਸੀ ਹਲ ਲੱਭਿਆ ਜਾਏ।

—ਵੀ. ਕੇ. ਰਾਮਗਨ
ਮਾਲਕ ਟਾਈਪਿੰਗ ਕਾਲਜ, ਫਗਵਾੜਾ

○ ਭਾੜ ਵਿਚ ਜਾਣ ਵੋਟਾਂ, ਅਸਾਂ ਉਹਨਾ ਵਿਚੋਂ ਕੀ ਲੈਣਾ ਹੈ? ਸਾਨੂੰ ਤਾਂ ਸਾਧਾਰਨ ਹਾਲਾਤ ਚਾਹੀਦੇ ਹਨ ਤਾਂ ਜੋ ਅਸੀਂ ਦਿਹਾੜੀ ਕਮਾ ਸਕੀਏ। ਇਹ ਕਰਫੀਊ, ਇਹ ਬੰਦ, ਸਾਨੂੰ ਕਿਸੇ ਜੋਗਾ ਨਹੀਂ ਛਡਣਗੇ।

—ਗੁਰਮੇਲ ਸਿੰਘ, ਇਕ ਰਿਕਸ਼ਾ ਚਾਲਕ

ਕੋਈ ਲੜਾਈ ਨਹੀਂ ਜਿੱਤੀ ਜਾ ਸਕਦੀ। ਇਹਨਾਂ ਹਾਲਤਾਂ ਵਿਚ ਖੱਬੀ ਧਿਰ ਨੂੰ ਕੀ ਲੋੜ ਪਈ ਹੈ ਕਿ ਇਸ ਪਿਛਾਖੜ ਸਿਆਸਤ ਨਾਲ ਭਾਈਵਾਲੀ ਕਰਦੀ ਹੋਈ ਆਪਣੀ ਸਿਆਸਤ ਨੂੰ ਧੁੰਦਲਾ ਕਰੇ। ਇਸ ਦੇਸ਼ ਵਿਚ ਉਪਰਲੀਆਂ ਜਮਾਤਾਂ ਭਾਈਵਾਲੀ ਕਰਕੇ ਇਕ ਤਾਨਾਸ਼ਾਹੀ ਰਾਜ ਚਲਾ ਰਹੀਆਂ ਹਨ। ਇੰਦਰਾ ਕਾਂਗਰਸ ਉਹਨਾਂ ਦੀ ਵੱਡੀ ਨੁਮਾਇੰਦਾ ਹੈ। ਅਕਾਲੀਆਂ ਨੇ ਵੀ ਦੋ ਤਿੰਨ ਵਾਰ ਜਦੋਂ ਰਾਜ ਚਲਾਇਆ ਹੈ ਤਾਂ ਇਹਨਾਂ ਉਤਲੀਆਂ ਜਮਾਤਾਂ ਦਾ ਹਿੱਤ ਹੀ ਪੂਰਿਆ ਹੈ। ਖੱਬੀ ਧਿਰ ਐਸੇ ਸਮਾਜ ਨੂੰ ਉਸਾਰਨ ਵਾਸਤੇ ਵਚਨਬੱਧ ਹੈ ਜਿਸ ਵਿਚ ਮੇਹਨਤਕਸ਼ ਜਮਾਤ ਦੀ ਸਰਦਾਰੀ ਹੋਏ। ਇਸ ਨਿਸ਼ਾਨੇ ਲਈ ਹੀ ਉਹਨਾਂ ਸੰਘਰਸ਼ ਕਰਨਾ ਹੈ ਤੇ ਇਹੋ ਹੀ ਉਹਨਾਂ ਦੀ ਸਿਆਸਤ ਦਾ ਆਧਾਰ ਹੈ। ਇਸ ਲਈ ਇਸ ਧਿਰ ਨੂੰ ਆਪਣੇ ਸਪਸ਼ਟ ਮੰਤਵਾਂ ਲਈ ਸਪਸ਼ਟ ਲੜਾਈ ਜਾਰੀ ਰੱਖਣੀ ਚਾਹੀਦੀ ਹੈ, ਭਾਵੇਂ ਇਹ ਲੜਾਈ ਕਿੰਨੀ ਹੀ ਲੰਮੀ ਨਾ ਕਰਨੀ ਪਵੇ। ਇਸ ਤੋਂ ਸਿਵਾ ਕੋਈ ਰਾਹ ਨਹੀਂ।

## 2. ਪਾਰਲੀਮਾਨੀ ਰਾਜ ਪ੍ਰਣਾਲੀ ਜਾਂ ਪ੍ਰਧਾਨਗੀ ਰਾਜ ਪ੍ਰਣਾਲੀ?

ਜਦੋਂ ਇਸ ਦੇਸ਼ ਦਾ ਵਿਧਾਨ ਬਣਾਇਆ ਗਿਆ ਗਿਆ ਸੀ ਤਾਂ ਵਡੇ ਪੈਮਾਨੇ ਤੇ ਚਰਚਾ ਕੀਤੀ ਗਈ ਸੀ ਕਿ ਇਹ ਇਕ ਆਦਰਸ਼ਕ ਵਿਧਾਨ ਹੈ। ਦੁਨੀਆਂ ਭਰ ਦੇ ਵਿਧਾਨਾ ਵਿਚ ਜੋ ਕੁਝ ਵੀ ਚੰਗਾ ਹੈ, ਉਹ ਇਸ ਵਿਧਾਨ ਵਿਚ ਸ਼ਾਮਿਲ ਕਰ ਲਿਆ ਗਿਆ ਹੈ। ਸਮਾਜਕ ਬਰਾਬਰੀ, ਸਮਾਜਕ ਇਨਸਾਫ਼ ਇਹਦੇ ਨਿਸ਼ਾਨੇ ਹਨ। ਸਹੀ ਤੇ ਸੱਚੀ ਜਮਹੂਰੀਅਤ ਇਸ ਵਿਧਾਨ ਦੀ ਅਧਾਰ ਸ਼ਿਲਾ ਹੈ। ਸਮੇਂ ਨੇ ਦਸਿਆ ਕਿ ਇਸ ਵਿਧਾਨ ਦੇ ਅਧੀਨ ਜੋ ਵੀ ਸਰਕਾਰਾਂ ਬਣੀਆਂ, ਨਾ ਹੀ ਜਮਹੂਰੀਅਤ ਪਖੋਂ ਕੋਈ ਉਹਨਾਂ ਦਾ ਆਦਰਸ਼ ਰਿਹਾ ਅਤੇ ਨਾ ਹੀ ਉਹ ਸਮਾਜਕ ਬਰਾਬਰੀ ਅਤੇ ਇਨਸਾਫ਼ ਲੋਕਾਂ ਨੂੰ ਦੇ ਸਕੀਆਂ। ਸਗੋਂ ਹੌਲੇ ਹੌਲੇ ਭਾਰਤ ਦਾ ਸਾਰਾ ਰਾਜਸੀ ਅਤੇ ਸਮਾਜਕ ਢਾਂਚਾ ਇਸ ਤਰ੍ਹਾਂ ਭ੍ਰਿਸ਼ਟ ਗਿਆ ਹੈ ਕਿ ਇਸ ਵਿਧਾਨ ਦੀ ਸੌਂਹ ਖਾਣ ਵਾਲਿਆਂ ਨੂੰ ਵੀ ਆਪਣਾ ਆਪ ਝੂਠਾ ਲਗਣ ਲੱਗ ਪਿਆ ਹੈ। ਬੁਰਜੂਆ ਅਖਬਾਰਾਂ ਵਿਚ ਅੱਜ ਕਲ੍ਹ ਇਹ ਚਰਚਾ ਚਲ ਪਈ ਹੈ ਕਿ ਸਰਕਾਰ ਦੀ ਕਾਰਜ-ਕਾਰੀ ਨੂੰ ਅਸਰਦਾਇਕ ਬਨਾਉਣ ਲਈ ਇਸ ਵਿਧਾਨ ਦੀ ਇਸ ਤਰ੍ਹਾਂ ਸੋਧ ਕੀਤੀ ਜਾਏ ਕਿ ਪਾਰਲੀਮੈਂਟਰੀ ਰਾਜ ਪ੍ਰਣਾਲੀ ਦੀ ਥਾਂ ਇਥੇ ਪ੍ਰਧਾਨਗੀ ਰਾਜ ਪ੍ਰਣਾਲੀ ਦੀ ਸਥਾਪਨਾ ਕੀਤੀ ਜਾਏ।

ਕੁਝ ਸਾਲ ਪਹਿਲਾਂ ਇਹ ਚਰਚਾ ਸ਼ੁਰੂ ਕਰਨ

ਵਾਲਿਆਂ ਵਿਚੋਂ ਮੋਢੀ ਪ੍ਰਸਿਧ ਵਕੀਲ ਤੇ ਅਮਰੀਕਾ ਵਿਚ ਰਹਿ ਚੁਕੇ ਰਾਜਦੂਤ ਸ੍ਰੀ ਪਾਲਕੀਵਾਲਾ ਸਨ ਤੇ ਹੁਣ ਇਸ ਚਰਚਾ ਨੂੰ ਫੇਰ ਅੱਗੇ ਲਿਆਉਣ ਵਾਲੇ ਕੇਂਦਰੀ ਮੰਤਰੀ ਸਾਠੇ ਹਨ। ਪਾਲਕੀਵਾਲਾ ਨੇ ਜਦੋਂ ਇਹ ਚਰਚਾ ਸ਼ੁਰੂ ਕੀਤੀ ਸੀ ਤਾਂ ਉਹਦੀ ਵੱਡੀ ਦਲੀਲ ਇਹ ਸੀ ਕਿ ਮੌਜੂਦਾ ਸਿਸਟਮ ਵਿਚ ਭ੍ਰਿਸ਼ਟਾਚਾਰ ਏਨਾ ਵਧ ਗਿਆ ਹੈ ਕਿ ਪਾਰਲੀਮੈਂਟ ਅਤੇ ਅਸੈਂਬਲੀ ਵਿਚ ਮੈਂਬਰ ਕਿਸੇ ਯੋਗਤਾ ਦੇ ਆਸਰੇ ਨਹੀਂ ਸਗੋਂ ਪੈਸੇ ਦੇ ਜ਼ੋਰ ਨਾਲ ਨਾਪਾਕ ਰਾਜਸੀ ਗੱਠਜੋੜਾਂ ਰਾਹੀਂ ਚੁਣੇ ਜਾਂਦੇ ਹਨ। ਇਹਨਾਂ ਮੈਂਬਰਾਂ ਵਿਚੋਂ ਵੀ ਜਦੋਂ ਵਜ਼ੀਰ ਚੁਣੇ ਜਾਦੇ ਹਨ ਤਾਂ ਇਹੋ ਬੇਅਸੂਲੀਆਂ ਅਪਣਾਈਆਂ ਜਾਂਦੀਆਂ ਹਨ। ਨਤੀਜਾ ਇਕ ਨਿਕੰਮੀ ਸਰਕਾਰ ਤੋਂ ਬਿਨਾਂ ਹੋਰ ਕੁਝ ਨਹੀਂ ਨਿਕਲਦਾ। ਪ੍ਰਧਾਨਗੀ ਰਾਜ ਪ੍ਰਣਾਲੀ ਵਿਚ ਜਦੋਂ ਇਕ ਪ੍ਰਧਾਨ ਸਿਧਾ ਲੋਕਾਂ ਵਲੋਂ ਚੁਣਿਆ ਜਾਂਦਾ ਹੈ ਤਾਂ ਉਹਨੂੰ ਇਸ ਗੱਲ ਦੀ ਖਲ੍ਹ ਹੁੰਦੀ ਹੈ ਕਿ ਉਹ ਆਪਣੀ ਕੈਬਨਿਟ ਲਈ ਦੇਸ਼ ਦੇ ਕਿਸੇ ਵੀ ਵਸਨੀਕ ਨੂੰ ਨਾਮਜ਼ਦ ਕਰ ਲਵੇ ਤੇ ਇਸੇ ਲਈ ਯੋਗ ਬੰਦੇ ਸਰਕਾਰ ਦਾ ਹਿੱਸਾ ਬਣ ਜਾਣਗੇ, ਜੋ ਸਾਧਾਰਨ ਹਾਲਤਾਂ ਵਿਚ ਕਦੀ ਵੀ ਚੋਣਾਂ ਲੜਨ ਲਈ ਅੱਗੇ ਨਹੀਂ ਆਂਦੇ। ਇਹ ਸਰਕਾਰ ਇਕ ਨਿਸ਼ਚਿਤ ਸਮੇਂ ਲਈ ਸਥਿਰ ਹੋਵੇਗੀ। ਪਾਰਲੀਮੈਂਟਰੀ ਜਾਂ ਅਸੈਂਬਲੀ ਵਿਚ ਕਿਸੇ ਵੀ ਬੇਵਿਸ਼ਵਾਸ਼ੀ ਦੇ ਮਤੇ ਰਾਹੀਂ ਢਾਏ ਜਾਣ ਦੇ ਡਰ ਤੋਂ ਮੁੱਕਤ ਹੋਵੇਗੀ। ਇਸ ਲਈ ਇਹ ਇਕ ਪਲੈਨ ਅਨੁਸਾਰ ਲੋਕਾਂ ਨੂੰ ਦਿਤੇ ਆਪਣੇ ਵਚਣ ਪੂਰੇ ਕਰ ਸਕੇਗੀ। ਇਹ ਚਰਚਾ ਕੁਝ ਚਿਰ ਅਖਬਾਰਾਂ ਵਿਚ ਆਉਣ ਤੋਂ ਬਾਅਦ ਮੱਠੀ ਪੈ ਗਈ, ਕਿਉਂਕਿ ਸਰਕਾਰੀ ਹਲਕੇ ਇਸ ਵਿਚ ਦਿਲਚਸਪੀ ਨਹੀਂ ਰੱਖਦੇ ਸਨ।

ਹੁਣ ਇਹ ਚਰਚਾ ਜਦੋਂ ਫੇਰ ਸ਼ੁਰੂ ਹੋਈ ਹੈ ਤਾਂ ਇਹਦਾ ਮੰਤਵ ਪਾਲਕੀ ਵਾਲਾ ਦੇ ਮੰਤਵ ਤੋਂ ਵੱਖਰਾ ਹੈ। ਹੁਣ ਇਹ ਹਕੂਮਤੀ ਪਾਰਟੀ ਦੇ ਇਕ ਮੰਤਰੀ ਵਲੋਂ ਆਈ ਹੈ ਅਤੇ ਇਹ ਵੀ ਆਖਿਆ ਜ ਰਿਹਾ

o ਬਲਿਊ ਸਟਾਰ ਕਾਰਵਾਈ ਦੇ ਬਾਅਦ ਸਰਕਾਰ ਦਾ ਸਿੱਖਾਂ ਦੇ ਧਾਰਮਕ ਮਸਲਿਆਂ ਵਿਚ ਦਖਲ ਅੰਦਾਜ਼ੀ ਕਰਨਾ ਇਹ ਬਹੁਤ ਗਲਤ ਕਦਮ ਹੈ। ਦਰਬਾਰ ਸਾਹਿਬ ਵਿਚੋਂ ਫ਼ੌਜ ਨਾ ਹਟਾਉਣਾ, ਬਾਬਾ ਸੰਤਾ ਸਿੰਘ ਕੋਲੋਂ ਕਾਰ-ਸੇਵਾ ਕਰਵਾਉਣਾ, ਸਰਬੱਤ ਖਾਲਸਾ ਵਰਗੀਆਂ ਕਨਵੈਨਸ਼ਨਾਂ ਸਰਕਾਰੀ ਮਦਦ ਨਾਲ ਕਰਵਾਉਣਾ ਦਸਦਾ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਿਚ ਸੁਹਿਰਦ ਨਹੀਂ।

—ਅਸ਼ਵਨੀ ਮਿਨ੍ਹਾ, ਐਡੀਟਰ ਹਿੰਦ ਸਮਾਚਾਰ

o ਖੇਡਾਂ ਦੇ ਸਾਮਾਨ ਤਿਆਰ ਕਰਨ ਦੀ ਇੰਡਸਟਰੀ ਜਲੰਧਰ ਸ਼ਹਿਰ ਦੀ ਆਰਥਕਤਾ ਦਾ ਧੁਰਾ ਹੈ। 1000 ਨਿੱਕੇ ਨਿੱਕੇ ਯੂਨਿਟ ਇਹ ਸਾਮਾਨ ਤਿਆਰ ਕਰਦੇ ਹਨ। ਛੋਟੇ ਛੋਟੇ ਘਰਾਂ ਵਿਚ ਵੀ ਘਰ ਬੈਠੇ ਲੋਕ ਇਸ ਵਿਚ ਹਿੱਸਾ ਲੈਂਦੇ ਹਨ। ਕ੍ਰੋੜਾਂ ਦਾ ਮਾਲ ਬਾਹਰ ਜਾਂਦਾ ਹੈ ਜਿਸ ਦੇ ਨਾਲ ਬਹੁਤ ਹੀ ਲੋੜੀਂਦਾ ਬਦੇਸ਼ੀ ਸਿੱਕਾ ਦੇਸ਼ ਵਿਚ ਆਂਦਾ ਹੈ। ਜੇ ਹਾਲਾਤ ਸਾਧਾਰਨ ਨਾ ਹੋਣ ਤਾਂ ਇਹਦਾ ਨੁਕਸਾਨ ਇਕ ਫਿਰਕੇ ਨੂੰ ਨਹੀਂ ਸਾਰੇ ਲੋਕਾਂ ਨੂੰ ਹੈ। ਮੈਂ ਵਪਾਰ ਦੇ ਪੱਖ ਤੋਂ ਵੀ ਕਹਿ ਸਕਦਾ ਹਾਂ ਕਿ ਫਿਰਕੂ ਸਦਭਾਵਨਾ ਸਾਡੀ ਸਭ ਤੋਂ ਵਧ ਲੋੜ ਹੈ। ਤੁਸੀਂ ਅਖਬਾਰ ਵਾਲੇ ਸਾਰੀਆਂ ਧਿਰਾਂ ਤੇ ਜ਼ੋਰ ਦੇਵੋ ਕਿ ਮਸਲੇ ਦਾ ਹਲ ਜਲਦੀ ਤੋਂ ਜਲਦੀ ਲੱਭਣ।

—ਅਨਿਲ ਡੀ. ਮਹਿਤਾ

ਸੈਕਟਰੀ ਖੇਡ ਸਮਾਨ ਇੰਡਸਟਰੀ

o ਰਾਤ ਇਥੇ ਜਿਉਤੀ ਸਿਨਮੇ ਵਿਚ ਬੰਬ ਸੁੱਟਿਆ ਗਿਆ, ਇਕ ਬੰਦਾ ਥਾਂ ਮਾਰਿਆ ਗਿਆ। ਸਵੇਰੇ ਅਖਬਾਰ ਵਿਚ ਖਬਰ ਹੈ ਕਿ ਗੁਰਦਾਸਪੁਰ ਕੋਲ 8 ਹਿੰਦੂ ਬਸ ਤੋਂ ਉਤਾਰ ਕੇ ਮਾਰ ਦਿਤੇ ਗਏ। ਕਾਰਾ ਕਰਨ ਵਾਲਿਆਂ ਵਿਚੋਂ ਕੋਈ ਵੀ ਪਕੜਿਆ ਨਹੀਂ ਗਿਆ। ਅੱਗੇ ਤਾਂ ਕਹਿੰਦੇ ਸਨ ਕਿ ਕਾਤਲ ਮਾਰ ਕੇ ਦਰਬਾਰ ਵਿਚ ਲੁੱਕ ਜਾਂਦੇ ਹਨ। ਹੁਣ ਤਾਂ ਉਥੇ ਨਹੀਂ ਜਾ ਸਕਦੇ। ਮੈਨੂੰ ਤਾਂ ਇਹ ਕੋਈ ਹੋਰ ਹੀ ਖੇਡ ਲਗਦੀ ਹੈ। ਸੁਣਿਆ ਹੈ ਇਸ ਮਹੀਨੇ ਦੀ 'ਸੂਰੀਆ' ਮੈਗਜ਼ੀਨ ਵਿਚ ਇਕ ਲੇਖ ਨਿਕਲਿਆ ਹੈ ਜਿਸ ਵਿਚ ਇਹ ਇਸ਼ਾਰਾ ਕੀਤਾ ਗਿਆ ਹੈ ਕਿ ਇਕ ਖੁਫੀਆ ਏਜੰਸੀ, ਜਿਸ ਨੂੰ ਕੇਂਦਰੀ ਸਰਕਾਰ ਦੀ ਹਮੈਤ ਹਾਸਿਲ ਹੈ, ਇਹਨਾਂ ਕਾਰਵਾਈਆਂ ਨਾਲ ਸਬੰਧਤ ਹੈ। ਮੈਂ ਇਹ ਲੇਖ ਪੜ੍ਹ ਤਾਂ ਨਹੀਂ ਸਕਿਆ ਕਿਉਂਕਿ ਇਹ ਸਟਾਲਾਂ ਤੇ ਮਿਲ ਨਹੀਂ ਰਿਹਾ।' ਉਸ ਲੇਖ ਵਿਚ ਕਿੰਨੀ ਕੁ ਸੱਚਾਈ ਹੈ, ਇਹ ਕਿਹਾ ਨਹੀਂ ਜਾ ਸਕਦਾ, ਪਰ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਸਾਧਾਰਨ ਬੰਦਾ ਇਹਨਾਂ ਸਾਰੀਆਂ ਕਾਰਵਾਈਆਂ ਤੋਂ ਅੱਕ ਚੁੱਕਾ ਹੈ ਅਤੇ ਉਹ ਅਮਨ ਅਮਾਨ ਚਾਹੁੰਦਾ ਹੈ। ਜਲੰਧਰ ਸਿਨਮੇ ਵਿਚ ਮਰਨ ਵਾਲਾ ਇਕ ਹਿੰਦੂ ਹੀ ਸੀ, ਇਹ ਵੀ ਇਤਫਾਕ ਹੈ ਪਰ ਜ਼ਖਮੀ ਹੋਣ ਵਾਲਿਆਂ ਵਿਚ ਹਿੰਦੂ ਵੀ ਸਨ ਤੇ ਸਿੱਖ ਵੀ ਸਨ।

—ਜੇ. ਕੇ. ਗੁਪਤਾ (ਪ੍ਰੋਫੈਸਰ)

## ਤੇ ਉਹ ਚਲਾ ਗਿਆ

—ਭਾਅ ਜੀ, ਜੋ ਤੁਸੀਂ ਕਹਿੰਦੇ ਹੋ, ਠੀਕ ਕਹਿੰਦੇ ਹੋ, ਪਰ ਅਸੀਂ ਬੜੇ ਸੜੇ ਹੋਏ ਹਾਂ, ਸਾਡੇ ਸੀਨਿਆਂ ਵਿਚ ਅੱਗ ਲੱਗੀ ਹੋਈ ਏ—

—ਇਹ ਅੱਗ ਕਿਸ ਤਰ੍ਹਾਂ ਬੁਝੇਗੀ ਮੇਰੇ ਵੀਰ ?

—ਪਤਾ ਨਹੀਂ।

—ਕੀ ਇਹ ਕਿਸੇ ਗ਼ਰੀਬ ਹਿੰਦੂ ਰਿਕਸ਼ਾ ਵਾਲੇ ਨੂੰ ਮਾਰਨ ਨਾਲ ਬੁਝ ਜਾਵੇਗੀ ?

—ਨਹੀਂ, ਉਹਦੇ ਨਾਲ ਸਾਡਾ ਕੀ ਵੈਰ ਹੈ ?

—ਕੀ ਕਿਸੇ ਹਿੰਦੂ ਰੇੜ੍ਹੀ ਵਾਲੇ ਨੂੰ ਮਾਰਨ ਨਾਲ ਬੁੱਝ ਜਾਏਗੀ ?

—ਨਹੀਂ, ਉਸ ਨੇ ਸਾਡਾ ਕੀ ਵਿਗਾੜਿਆ ਏ।

—ਕੀ ਕਿਸੇ ਦਫ਼ਤਰ ਜਾਂਦੇ ਬਾਊ ਨੂੰ ਮਾਰਨ ਨਾਲ ਬੁੱਝ ਜਾਏਗੀ ?

—ਨਹੀਂ, ਉਹ ਵੀ ਸਾਡੇ ਵਾਂਗ ਬਾਲ ਬੱਚਿਆਂ ਵਾਲਾ ਹੈ।

—ਫੇਰ ਕਿਸ ਤਰ੍ਹਾਂ ਬੁਝੇਗੀ ?

—ਤੁਹਾਨੂੰ ਵੀ ਪਤਾ ਏ ਤੇ ਮੈਨੂੰ ਵੀ ਪਤਾ ਏ।

—ਚਲ, ਜੇ ਤੂੰ ਮੂੰਹੋਂ ਨਹੀਂ ਆਖਣਾ ਚਾਹੁੰਦਾ ਤਾਂ ਮੈਂ ਆਖ ਦੇਂਦਾ ਹਾਂ, ਇਹ ਇੰਦਰਾ ਗਾਂਧੀ ਨੂੰ ਮਾਰਨ ਨਾਲ ਬੁਝੇਗੀ ?

—ਹਾਂ।

—ਫੇਰ ਮਾਰ ਆਓ, ਜੇ ਏਨੇ ਸੂਰਮੇ ਹੋ। ਸਾਨੂੰ ਕੋਈ ਇਤਰਾਜ਼ ਨਹੀਂ। ਪਰ ਸਾਨੂੰ ਇਤਰਾਜ਼ ਹੋਏਗਾ ਜੇਕਰ ਤੁਹਾਡੀ ਅੱਖ ਕਿਸੇ ਗ਼ਰੀਬ ਰਿਕਸ਼ਾ ਵਾਲੇ ਤੇ, ਰੇੜ੍ਹੀ ਵਾਲੇ ਤੇ, ਦਫ਼ਤਰ ਜਾਂਦੇ ਬਾਊ ਤੇ ਜਾਂ ਹੋਰ ਸਾਧਾਰਨ ਹਿੰਦੂ ਤੇ ਪੈਂਦੀ ਹੈ। ਉਂਝ ਇਹ ਅੱਗ ਬੁਝਾਉਣ ਵਾਲਾ ਰਾਹ ਠੀਕ ਨਹੀਂ ਹੋਏਗਾ।

—ਕਿਉਂ ?

—ਸਿਆਸੀ ਲੜਾਈ ਸਿਆਸੀ ਢੰਗ ਨਾਲ ਹੋਣੀ ਚਾਹੀਦੀ ਹੈ। ਸਾਨੂੰ ਇਕ ਵਿਅਕਤੀ ਦੀ ਨਹੀਂ, ਸਗੋਂ ਉਸ ਸਿਸਟਮ ਦੀ ਮੌਤ ਲਈ ਲੜਨਾ ਚਾਹੀਦਾ ਹੈ, ਜਿਹੜੀ ਇਸ ਤਾਨਾਸ਼ਾਹੀ ਨੂੰ ਜਨਮ ਦੇਂਦੀ ਹੈ।

—ਭਾਅ ਜੀ, ਤੁਸੀਂ ਆਪਣਾ ਗਿਆਨ ਆਪਣੇ ਕੋਲ ਰਖੋ।

ਤੇ ਉਹ ਚਲਾ ਗਿਆ।

(ਪੰਜਾਬ ਵਿਚ ਖੇਡੇ ਜਾ ਰਹੇ ਨਾਟਕ ਦੀ ਇਕ ਵਾਰਤਾਲਾਪ)

---

ਹੈ ਕਿ ਸਾਠੇ ਦੇ ਇਸ ਸੁਝਾਅ ਨੂੰ ਅੰਦਰਖਾਤੀ ਪ੍ਰਧਾਨ ਮੰਤਰੀ ਦੀ ਅਸ਼ੀਰਵਾਦ ਹੈ। ਇਸ ਵਾਰ ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਦੇਸ਼ ਵਿਚ ਵਾਪਰ ਰਹੇ ਸੰਕਟ ਦੀ ਜ਼ਿੰਮੇਵਾਰੀ ਭ੍ਰਿਸ਼ਟਾਚਾਰੀ ਢਾਂਚੇ ਉਤੇ ਨਹੀਂ ਸਗੋਂ ਦੇਸ਼ ਵਿਰੋਧੀ ਇਲਾਕਾਈ ਵੱਖਵਾਦੀ ਤਹਿਰੀਕਾਂ ਹਨ, ਜੋ ਦੇਸ਼ ਦੀ ਅਖੰਡਤਾ ਲਈ ਖਤਰਾ ਬਣ ਚੁੱਕੀਆਂ ਹਨ। ਇਸ ਖਤਰੇ ਦੇ ਮੁਕਾਬਲੇ ਲਈ ਇਕ ਮਜ਼ਬੂਤ ਹਕੂਮਤ ਦੀ ਲੋੜ ਹੈ ਜੋ ਪ੍ਰਧਾਨਗੀ ਪ੍ਰਣਾਲੀ ਰਾਹੀਂ ਹੀ ਮੁਮਕਿਨ ਹੋ ਸਕਦਾ ਹੈ। ਸਾਠੇ ਦੀਆਂ ਸਾਰੀਆਂ ਦਲੀਲਾਂ ਤੋਂ ਅਸਿੱਧੇ ਤੌਰ ਤੇ ਇਕੋ ਗੱਲ ਬਾਹਰ ਆਂਦੀ ਹੈ ਕਿ ਇਸ ਦੇਸ਼ ਨੂੰ ਪ੍ਰਧਾਨਗੀ ਪਦ ਤੇ ਬੈਠੀ ਪ੍ਰਧਾਨਗੀ ਪ੍ਰਣਾਲੀ ਦੇ ਅਧੀਨ ਸਰਕਾਰ ਉਤੇ ਇੰਦਰਾ ਗਾਂਧੀ ਵਰਗੀ ਸ਼ਖ਼ਸੀਅਤ ਦੀ ਰਹਿਨੁਮਾਈ ਦੀ ਲੋੜ ਹੈ ਜੋ ਇਸ ਦੇਸ਼ ਦੀ ਡੁੱਬਦੀ ਬੇੜੀ ਨੂੰ ਪਾਰ ਲਗਾ ਸਕਦੀ ਹੈ (ਜਿਸ ਤਰ੍ਹਾਂ ਡੋਬਣ ਵਾਲਾ ਕੋਈ ਹੋਰ ਹੋਵੇ)।

ਇਸ ਖਾਸ ਸਮੇਂ ਇਹ ਆਵਾਜ਼ ਤਾਂ ਵੀ ਉੱਚੀ ਕੀਤੀ ਗਈ ਹੈ ਕਿਉਂਕਿ ਇੰਦਰਾ ਕਾਂਗਰਸ ਨੂੰ ਪਤਾ ਹੈ ਕਿ ਮੌਜੂਦਾ ਪਾਰਲੀਮੈਂਟ ਵਿਚ ਉਹਦੀ ਦੋ-ਤਿਹਾਈ ਬਹੁ-ਗਿਣਤੀ ਹੈ ਤੇ ਉਹ ਵਿਧਾਨ ਵਿਚ ਹਰ ਤਬਦੀਲੀ ਨੂੰ ਸੌਖਿਆਂ ਹੀ ਪਾਸ ਕਰਵਾ ਸਕਦੀ ਹੈ, ਆਉਣ ਵਾਲੀ ਪਾਰਲੀਮੈਂਟ ਵਿਚ ਇੰਦਰਾ ਕਾਂਗਰਸ ਨੂੰ ਇਹ ਖਤਰਾ ਹੈ ਕਿ ਉਹਦੀ ਇਹ ਬਹੁ-ਗਿਣਤੀ ਨਹੀਂ ਹੋਵੇਗੀ।

ਸਾਡੇ ਵਿਚਾਰ ਵਿਚ ਇਹ ਸਾਰਾ ਚਰਚਾ ਜੋ ਪਾਰਲੀਮੈਂਨੀ ਰਾਜ ਪ੍ਰਣਾਲੀ ਜਾਂ ਪ੍ਰਧਾਨਗੀ ਰਾਜ ਪ੍ਰਣਾਲੀ ਬਾਰੇ ਰਲਾਇਆ ਜਾ ਰਿਹਾ ਹੈ, ਇਹ ਉਸ ਸੰਕਟ ਉਤੇ ਪਰਦਾ ਪਾਉਣ ਲਈ ਕੀਤਾ ਜਾ ਰਿਹਾ ਹੈ, ਜੋ ਸਾਮਰਾਜ ਤੇ ਟੇਕ ਰੱਖਣ ਵਾਲੀ ਇਜਾਰੇਦਾਰਾਂ ਦੀ ਸਰਦਾਰੀ ਥੱਲੇ ਚਲਣ ਵਾਲੀ ਸਰਕਾਰ ਦੀਆਂ ਦੀਵਾਲੀਆ ਆਰਥਕ ਨੀਤੀਆਂ ਕਰਕੇ ਹੋਂਦ ਵਿਚ ਆਇਆ ਹੈ। ਮੁੱਠੀ ਭਰ ਲੋਕਾਂ ਦੇ ਹਿੱਤ ਵਿਚ ਚਲ ਰਹੀ ਇਹ ਸਰਕਾਰ ਵਿਸ਼ਾਲ ਲੋਕਾਂ ਨੂੰ ਭੁੱਖ, ਨੰਗ, ਬੇਕਾਰੀ, ਨਿਰਾਸ਼ਤਾ ਦੇ ਸਿਵਾ ਕੁਝ ਨਹੀਂ ਦੇ ਸਕੀ। ਪੈਸਾ ਪ੍ਰਧਾਨ ਸਿਸਟਮ ਵਿਚ ਲੋਕਾਂ ਦੀ ਨਿਜਾਤ ਨਾ ਹੀ ਪਾਰਲੀਮੈਨੀ ਰਾਜ ਪ੍ਰਣਾਲੀ ਨਾਲ ਹੋਣੀ ਹੈ ਨਾ ਹੀ ਪ੍ਰਧਾਨਗੀ ਰਾਜ ਪ੍ਰਣਾਲੀ ਨਾਲ ਹੋਣੀ ਹੈ। ਲੋਕਾਂ ਤੇ ਜਬਰ ਲਈ ਦੋਨੋ ਰਾਜ ਪ੍ਰਣਾਲੀਆਂ ਵਿਚ ਇਹ ਸੰਭਵ ਹੋਵੇਗਾ ਕਿ ਹਰ ਕਿਸਮ ਦਾ ਆਰਡੀਨੈਂਸ ਬਣਾ ਲਿਆ ਜਾਏ। ਲੋਕਾਂ ਦੇ ਦੁੱਖ ਤਾਂ ਇਸ ਸਾਰੇ ਢਾਂਚੇ ਨੂੰ ਬੁਨਿਆਦੀ ਤੌਰ ਤੇ ਬਦਲਣ ਨਾਲ ਹੀ ਦੂਰ ਹੋਣੇ ਹਨ। ਇਸ ਲਈ ਸੰਘਰਸ਼ ਸ਼ੀਲ ਲੋਕਾਂ ਦਾ ਧਿਆਨ ਇਸ ਨੁਕਤੇ ਤੇ ਕੇਂਦਰਤ ਹੋਣਾ ਚਾਹੀਦਾ ਹੈ ਕਿ ਇਸ ਪੈਸਾ ਪ੍ਰਧਾਨ ਸਿਸਟਮ ਦੀ ਥਾਂ ਮੇਹਨਤ ਪ੍ਰਧਾਨ ਸਿਸਟਮ ਦੀ ਇਨਕਲਾਬੀ ਤਬਦੀਲੀ ਕਿਸ ਤਰ੍ਹਾਂ ਲਿਆਉਣਾ ਦੋਮ ਦਰਜੇ ਦੇ ਮਸਲਿਆਂ ਤੇ ਵਾਦ-ਵਿਵਾਦ ਨਾਲ ਆਪਣੀ ਲੜਾਈ ਨੂੰ ਧੁੰਦਲਾ ਨਹੀਂ ਕਰਨਾ ਹੈ। ☺

# ਜ਼ੁਲਮ ਵਿਰੁੱਧ ਨਿਰੰਤਰ ਟਾਕਰੇ ਦਾ ਚਿੰਨ : ਯਿਲਮਜ਼ ਗੁਨੀ

## (ਯਿਲਮਜ਼ ਗੁਨੀ ਨਾਲ 'ਰੈਵੋਲੂਸ਼ਨਰੀ ਵਰਕਰ' ਦੀ ਇੰਟਰਵਿਊ)

ਕੌਮਾਂਤਰੀ ਕਮਿ. ਲਹਿਰ ਦਾ ਹੀਰਾ, ਤੁਰਕੀ ਦਾ 47 ਸਾਲਾ ਇਨਕਲਾਬੀ ਫਿਲਮ ਡਾਇਰੈਕਟਰ, ਯਿਲਮਜ਼ ਗੁਨੀ 9 ਸਤੰਬਰ ਨੂੰ ਸਾਡੇ ਕੋਲੋਂ ਵਿੱਛੜ ਗਿਆ ਹੈ। ਗੁਨੀ ਨੇ ਤੁਰਕੀ ਦੀ ਫੌਜੀ ਹਕੂਮਤ ਦੇ ਸਮੁੱਚੇ ਸਾਮਰਾਜੀ ਪ੍ਰਬੰਧ ਦੀ ਸਰਗਰਮ ਵਿਰੋਧਤਾ ਕੀਤੀ। ਤੁਰਕੀ 'ਚ ਜਨਤਕ ਤੌਰ 'ਤੇ ਉਸਦਾ ਨਾਂ ਤੱਕ ਲੈਣ 'ਤੇ ਪਾਬੰਦੀ ਸੀ। 'ਯੋਲ' ਉਸਦੀ ਸੰਸਾਰ-ਪ੍ਰਸਿੱਧ ਫਿਲਮ ਸੀ ਜੋ ਉਸਨੇ ਜੇਲ੍ਹ 'ਚੋਂ ਡਾਇਰੈਕਟ ਕੀਤੀ।

ਇਸ ਮੌਕੇ, ਇਨਕਲਾਬੀ ਕਮਿ. ਪਾਰਟੀ ਅਮਰੀਕਾ ਵਲੋਂ ਕੱਢੇ ਜਾਂਦੇ ਪਰਚੇ 'ਰੈਵੋਲੂਸ਼ਨਰੀ ਵਰਕਰ' ਦੇ 1 ਅਕਤੂਬਰ 1982 ਦੇ ਅੰਕ 'ਚ ਛਪੀ ਇੰਟਰਵਿਊ (ਸੰਖੇਪ 'ਚ) ਦਾ ਪੰਜਾਬੀ ਰੂਪ ਪੰਜਾਬੀ ਪਾਠਕਾਂ ਨਾਲ ਸਾਂਝਿਆਂ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਇਸ ਮਹਾਨ ਕਮਿਊਨਿਸਟ ਇਨਕਲਾਬੀ ਯੋਧੇ ਦੇ ਵਿਚਾਰਾਂ ਤੋਂ ਅੱਜ ਪਾਠਕਾਂ ਨੂੰ ਜਾਣੂੰ ਕਰਾਉਣਾ ਹੀ ਉਸ ਨੂੰ ਸਹੀ ਸ਼ਰਧਾਂਜਲੀ ਹੈ। —ਅਨੁਵਾਦਕ

? ਸਭ ਤੋਂ ਪਹਿਲਾਂ ਇਹ ਦੱਸੋ ਕਿ ਤੁਸੀਂ ਫਿਲਮਾਂ ਕਿਸ ਤਰ੍ਹਾਂ ਬਨਾਣ ਲੱਗੇ ਤੇ ਇਨਕਲਾਬੀ ਸਿਆਸਤ ਦੇ ਵਾਹ 'ਚ ਕਿਸ ਤਰ੍ਹਾਂ ਆਏ ?

—ਇਸ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਆਪਣੇ ਬਚਪਨ ਦੀ ਗੱਲ ਸ਼ੁਰੂ ਕਰਦਾ ਹਾਂ। ਮੈਂ ਇਕ ਪਿੰਡ 'ਚ ਪੈਦਾ ਹੋਇਆ। ਮਾਂ-ਬਾਪ, ਗ਼ਰੀਬ ਕੁਰਦਿਸ਼ (ਕੁਰਦ ਕੌਮ) ਕਿਸਾਨ ਸਨ। ਇਸ ਲਈ ਪੇਂਡੂ ਵਿਚਾਰਧਾਰਾ ਇਕ ਤਰ੍ਹਾਂ ਨਾਲ ਮੇਰੀ ਮਰਿਯਾਦਾ ਸੀ, ਅਜਿਹੀ ਵਿਚਾਰਧਾਰਾ ਜੋ ਮੁੱਖ ਤੌਰ 'ਤੇ ਅਤੇ ਲਾਜ਼ਮੀ ਹੀ ਬੁਰਜਵਾ ਵਿਚਾਰਧਾਰਾ ਸੀ। ਪਰੰਤੂ ਗ਼ਰੀਬ ਕਿਸਾਨੀ 'ਚ ਪੈਦਾ ਹੋਣਾ, ਉਹਨਾਂ 'ਚ ਰਹਿਣਾ ਅਤੇ ਖਾਸ ਤੌਰ 'ਤੇ ਦੱਬੀ ਕੁਚਲੀ ਕੁਰਦਿਸ਼ ਕੌਮ ਦਾ ਇਕ ਅੰਗ ਹੋਣ ਨੇ ਮੇਰੇ ਵਿਚਾਰਾਂ ਨੂੰ ਪ੍ਰਭਾਵਿਤ ਕੀਤਾ। ਇਸ ਪ੍ਰਭਾਵ ਨੇ ਮੈਨੂੰ ਕੋਈ ਅਜਿਹੀ ਚੀਜ਼ ਲੱਭਣ ਲਈ ਪ੍ਰੇਰਿਆ ਜਿਸ ਬਾਰੇ ਮੈਂ ਖੁਦ ਵੀ ਨਹੀਂ ਸੀ ਜਾਣਦਾ। ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਇਹ ਚੀਜ਼ ਕੀ ਹੋਵੇਗੀ ? ਫਿਰ ਵੀ ਮੈਂ ਉਸਦੀ ਭਾਲ 'ਚ ਸੀ। 1950 ਦੇ ਸ਼ੁਰੂ 'ਚ ਮੈਂ ਕੁਝ ਕੁ ਮੁਢਲੇ ਤੱਤਾਂ ਤੋਂ ਜਾਣੂੰ ਹੋਇਆ। ਉਦਾਹਰਣ ਵਜੋਂ ਮੈਂ ਸਪ੍ਰੇਨੀ ਘਰੇਲੂ ਯੁੱਧ ਬਾਰੇ ਤੁਰਕੀ ਦੇ ਕਮਿਊਨਿਸਟ ਕਵੀ ਨਾਜ਼ਿਮ ਹਿਕਮਤ ਦੀਆਂ ਕਵਿਤਾਵਾਂ ਪੜ੍ਹੀਆਂ। 1952 'ਚ ਵੱਡੀ ਗਿਣਤੀ 'ਚ ਕਮਿਊਨਿਸਟਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ 'ਚ ਕੁਝ ਕਵੀ ਵੀ ਸਨ, ਮੈਂ ਉਹਨਾਂ ਦੀਆਂ ਕਵਿਤਾਵਾਂ ਸੁਣੀਆਂ। ਨਿਸ਼ਚੇ ਹੀ ਇਹ ਸਾਰੇ ਸੰਬੰਧ ਗ਼ੈਰ-ਕਾਨੂੰਨੀ ਸਨ। ਦਰਅਸਲ ਇਹਨਾਂ ਰਚਨਾਵਾਂ 'ਚ ਸਮਾਜਵਾਦ ਦੀ ਧਾਰਨਾ ਸਪੱਸ਼ਟ ਨਹੀਂ ਸੀ। ਇਹ ਵਿਗਿਆਨਿਕ ਨਹੀਂ ਬਲਕਿ ਆਦਰਸ਼-ਵਾਦੀ ਜਾਂ ਕਾਲਪਨਿਕ ਸਮਾਜਵਾਦ ਸੀ। ਨਾਂ ਤਾਂ ਕੋਈ ਮਜ਼ਦੂਰ ਜਮਾਤ ਦੀ ਹੀ ਗੱਲ ਕਰਦਾ ਸੀ, ਨਾਂ ਮਾਰਕਸਵਾਦ ਲੈਨਿਨਵਾਦ ਅਤੇ ਦਵੰਦਵਾਦੀ ਭੌਤਿਕਵਾਦ ਦੀ। ਬਸ ਇਹ ਤਾਂ ਅਪਮਾਨ ਗ਼ਰੀਬੀ ਤੇ ਜ਼ਿੰਦਗੀ ਦੇ ਉਸ ਰਸਤੇ ਨੂੰ ਬਦਲਣ ਦੀ ਲੋੜ ਬਾਰੇ ਲਿਖਿਆ ਗਿਆ ਸਾਹਿਤ ਸੀ। ਉਸ 'ਚ ਇਹ ਸਪਸ਼ਟ ਨਹੀਂ ਸੀ ਕਿ ਅਸੀਂ ਸੰਘਰਸ਼ ਕਿਸਦੇ ਵਿਰੁੱਧ ਕਰਨਾ ਹੈ, ਕਿਵੇਂ ਕਰਨਾ ਹੈ ਤੇ ਕਿਹੜੀ ਵਿਚਾਰਧਾਰਾ ਅਪਣਾ ਕੇ ਕਰਨਾ ਹੈ। ਅਜਿਹਾ ਕੁਝ ਵੀ ਨਹੀਂ ਸੀ। ਇਸੇ ਪ੍ਰਭਾਵ ਅਧੀਨ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ, ਸੱਥ-ਚਰਚਾ ਸ਼ੁਰੂ ਕੀਤੀ ਅਤੇ ਉਸ ਵੇਲੇ ਪਹਿਲੀ ਵਾਰ ਸਿਆਸੀ ਪੁਲਿਸ (ਖੁਫ਼ੀਆ ਪੁਲੀਸ : ਅਨੁਵਾਦਕ) ਨਾਲ ਮੇਰੀ ਜਾਣ-ਪਛਾਣ ਹੋਈ।

1955 'ਚ ਆਪਣੀ ਇਕ ਕਹਾਣੀ ਵਾਸਤੇ (ਉਦੋਂ ਮੈਂ ਅਜੇ ਸਕੂਲ 'ਚ ਸੀ) ਕ੍ਰਮਿ. ਪ੍ਰਾਪੇਗੰਡੇ ਦੇ ਦੋਸ਼ 'ਚ ਮੈਨੂੰ ਅਦਾਲਤ 'ਚ ਪੇਸ਼ ਹੋਣਾ ਪਿਆ। ਇਹ ਮਹਿਜ਼-ਭਾਵਨਾਵਾਂ-ਭਰਪੂਰ ਕਹਾਣੀ ਸੀ, ਪਰ ਬਹੁਤ ਲੰਮਾ ਮੁਕੱਦਮਾ ਲੜਨਾ ਪਿਆ। 1961 'ਚ ਮੈਨੂੰ ਢਾਈ ਸਾਲਾਂ ਲਈ ਜੇਲ ਅਤੇ ਜਲਾਵਤਨੀ ਦੀ ਸਜ਼ਾ ਦਿਤੀ ਗਈ। 1957 'ਚ ਮੁਕੱਦਮੇ ਦੌਰਾਨ ਮੈਨੂੰ ਆਪਣਾ ਸ਼ਹਿਰ ਅਦਾਨਾ ਛੱਡਣਾ ਪਿਆ, ਜਿਥੇ ਮੈਂ ਆਪਣਾ ਬਚਪਨ ਗੁਜ਼ਾਰਿਆ ਸੀ, ਪੜ੍ਹਾਈ ਕੀਤੀ ਸੀ। ਕਮਿ. ਪਾਰਟੀ ਦੀ ਭਾਲ 'ਚ ਮੈਂ ਇੰਸਤਬੋਲ ਗਿਆ, ਕਿਉਂਕਿ ਇਸ ਤੱਥ ਦੇ ਬਾਵਜੂਦ ਕਿ ਮੈਂ ਇਸ ਬਾਰੇ (ਪਾਰਟੀ ਬਾਰੇ : ਅਨੁਵਾਦਕ) ਕੁਝ ਨਹੀਂ ਸੀ ਜਾਣਦਾ ਪਰ ਲੋਕ ਮੈਨੂੰ ਇਹੀ (ਕਮਿਊਨਿਸਟ : ਅਨੁਵਾਦਕ) ਆਖਦੇ ਸੀ। ਪਰ ਮੈਨੂੰ ਧੋਖਾ ਦਿੱਤਾ ਗਿਆ, ਜਿਸ ਕਿਸੇ ਕਮਿਊਨਿਸਟ ਨੂੰ ਵੀ ਮੈਂ ਮਿਲਿਆ, ਉਸੇ ਮੈਨੂੰ ਨਿਰਾਸ਼ ਕੀਤਾ। ਉਸ ਵੇਲੇ ਮੈਂ ਇਹ ਨਹੀਂ ਸੀ ਜਾਣਦਾ ਕਿ ਇਸ ਕੂਟਨੀਤੀ ਨੂੰ ਕੀ ਕਹਾਂ ? ਇਹ ਸਥਿਤੀ 1972 ਤੱਕ ਰਹੀ, ਜਦੋਂ ਮੈਨੂੰ ਮੁੜ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਦਿੱਤਾ। ਉਥੇ ਮੈਂ ਪੜ੍ਹਾਈ ਸ਼ੁਰੂ ਕੀਤੀ। ਫਿਰ ਪਤਾ

ਲੱਗਾ ਕਿ ਸੋਧਵਾਦੀਆਂ ਨੇ ਮੈਨੂੰ ਧੋਖਾ ਦਿੱਤਾ ਸੀ, ਜਦ ਕਿ ਉਸ ਵੇਲੇ ਸੋਧਵਾਦ ਨੂੰ ਮੈਂ ਪਛਾਣ ਨਹੀਂ ਸੀ ਸਕਿਆ। ਇਹਦਾ ਕਾਰਨ ਇਹ ਸੀ ਕਿ ਮੈਨੂੰ ਉਦੋਂ ਮਾਰਕਸਵਾਦ-ਲੈਨਿਨਵਾਦ ਦਾ ਗਿਆਨ ਨਹੀਂ ਸੀ।

ਆਪਣੇ ਉਦੇਸ਼ਾਂ ਨੂੰ ਅਮਲ 'ਚ ਲਿਆਉਣ ਲਈ 1963 'ਚ ਮੈਂ ਐਕਟਰ ਦੇ ਰੂਪ 'ਚ ਕੰਮ ਸ਼ੁਰੂ ਕੀਤਾ, ਜੇਲ੍ਹ 'ਚ ਹੀ ਮੈਂ ਇਹ ਸਕੀਮ ਬਣਾ ਲਈ ਸੀ ਕਿ ਦੇਸ਼ ਦਾ ਸਭ ਤੋਂ ਮਸ਼ਹੂਰ ਵਿਅਕਤੀ, ਇਕ ਐਕਟਰ ਬਣੂੰਗਾ। ਇਸ ਲਈ ਮੈਂ ਸਾਰਾ ਹਿਸਾਬ-ਕਿਤਾਬ ਕੀਤਾ, ਜਲ੍ਹ 'ਚ ਹੀ ਨਿਪੁੰਨਤਾ ਹਾਸਲ ਕੀਤੀ ਅਤੇ ਬਾਹਰ ਆਉਂਦੇ ਸਾਰ ਹੀ ਵਾਰੀ ਵਾਰੀ ਉਹਨਾਂ ਨੂੰ ਅਮਲੀ ਰੂਪ ਦਿਤਾ। 1965 'ਚ ਹੀ ਮੈਂ ਸਭ ਤੋਂ ਮਸ਼ਹੂਰ ਐਕਟਰਾਂ 'ਚੋਂ ਇਕ ਸੀ। ਜਿਹੜੀਆਂ ਫਿਲਮਾਂ 'ਚ ਮੈਂ ਕੰਮ ਕੀਤਾ ਉਹ ਲੋਕਾਂ ਦੀਆਂ ਮੁਸੀਬਤਾਂ, ਬਦ-ਕਿਸਮਤੀ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਦੀਆਂ ਸਨ। ਵਿਚਾਰ ਧਾਰਕ ਜਾਂ ਸਿਆਸੀ ਅਰਥਾਂ ਵਿਚ ਚਾਹੇ ਉਨ੍ਹਾਂ 'ਚ ਕੁਝ ਗਲਤੀਆਂ ਸੀ ਪਰ ਉਨ੍ਹਾਂ ਤਜਰਬਿਆਂ ਨੇ ਮੈਨੂੰ ਜਨਤਾ ਦੇ ਵਿਸ਼ਾਲ ਹਿੱਸਿਆ ਨਾਲ ਗੂੜ੍ਹੇ ਸਬੰਧ ਬਣਾਉਣ 'ਚ ਮਦਦ ਕੀਤੀ। ਬੇਹੱਦ ਮਸ਼ਹੂਰ ਹੋਣ ਤੋਂ ਬਾਅਦ 1968 'ਚ ਮੈਂ ਫਿਲਮ ਡਾਇਰੈਕਟਰ ਦੇ ਰੂਪ 'ਚ ਮੈਂ ਪਹਿਲੀ ਕੋਸ਼ਿਸ਼ ਕੀਤੀ। ਉਸ ਤੋਂ ਬਾਅਦ ਦੋ ਸਾਲਾ ਲਈ ਮਿਲਟਰੀ ਸਰਵਿਸ ਵਿਚ ਚਲਾ ਗਿਆ। ਮੇਰੀ ਜ਼ਿੰਦਗੀ ਦਾ ਇਹ ਬਹੁਤ ਮਹੱਤਵ-ਪੂਰਨ ਮੋੜ ਸੀ ਕਿਉਂਕਿ ਉਦੋਂ ਪਹਿਲੀ ਵਾਰ ਦੋ ਸਾਲਾਂ ਲਈ ਮੈਨੂੰ ਭਰਵੇਂ ਢੰਗ ਨਾਲ ਅਧਿਐਨ ਕਰਨ ਦਾ ਮੌਕਾ ਮਿਲਿਆ। ਸਿਨੇਮੇ ਨਾਲ ਵਿਹਾਰਕ ਤੇ ਕ੍ਰਿਆਸ਼ੀਲ ਸਬੰਧ ਮੇਰੀ ਜ਼ਿੰਦਗੀ 'ਚ ਸਭ ਤੋਂ ਮਹੱਤਵ ਪੂਰਨ ਸੀ ਅਤੇ ਮਿਲਟਰੀ ਸਰਵਿਸ 'ਚ ਮੈਂ ਲੈਨਿਨ, ਮਾਰਕਸ ਮਾਓ ਨੂੰ ਭਰਵੇਂ ਢੰਗ ਨਾਲ ਪੜ੍ਹਿਆ। ਮਿਲਟਰੀ ਸਰਵਿਸ ਖਤਮ ਹੁੰਦਿਆਂ ਸਾਰ ਮੈਂ ਕੋਈ ਮਹੱਤਵ ਪੂਰਨ ਕਦਮ ਚੁੱਕਣ ਲਈ ਤਿਆਰ ਸੀ। ਇਸ ਤਰ੍ਹਾਂ 1970 'ਚ ਮੈਂ ਆਪਣੀ ਪਹਿਲੀ ਮਹੱਤਵ ਪੂਰਨ ਫਿਲਮ 'ਦੀ ਹੋਪ' (ਉਮੀਦ) ਬਣਾਈ। ਆਪਣੀ ਸਿਆਸੀ ਭਾਲ ਅਧੀਨ ਮੈਂ ਵੱਖ-ਵੱਖ ਸਿਆਸੀ ਲਹਿਰਾਂ ਦੇ ਵਾਹ 'ਚ ਆਇਆ। ਉਸ ਸਮੇਂ ਪਿਛਾਖੜੀ ਤਾਕਤਾਂ ਖਿਲਾਫ ਸਾਂਝੀਆਂ ਕਈ ਲਹਿਰਾਂ-ਵਿਦਿਆਰਥੀ ਲਹਿਰ ਤੇ ਮਜ਼ਦੂਰ ਲਹਿਰ, ਆਦਿ ਚਲ ਰਹੀਆਂ ਸਨ। ਇਸ ਕਰਕੇ ਮੈਂ ਉਹਨਾਂ ਲਹਿਰਾਂ 'ਚ ਇਕ ਮਿੱਕ ਸੀ। ਮੈਂ ਉਹਨਾਂ ਦੀ ਵੀ ਮਦਦ ਕੀਤੀ ਅਤੇ 1972 'ਚ ਕਿਉਂਕਿ ਉਹਨਾਂ ਨੇ ਉਸ ਜਥੇਬੰਦੀ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਜਿਹਨਾਂ ਦੀ ਮੈਂ ਮਦੱਦ ਕਰ ਰਿਹਾ ਸੀ, ਮੈਂ ਵੀ ਜੇਲ੍ਹ ਚਲਾ ਗਿਆ। ਜੇਲ੍ਹ 'ਚ ਮੈਂ ਮਾਰਕਸ-ਵਾਦ-ਲੈਨਿਨਵਾਦ ਦਾ ਅਧਿਅਨ ਕੀਤਾ। ਇਨਕਲਾਬ ਬਾਰੇ, ਸੋਧਵਾਦ ਬਾਰੇ ਤੇ ਸੋਵੀਅਤ ਰੂਸ ਬਾਰੇ ਜਾਣਿਆ। ਉਸ ਸਮੇਂ ਤੱਕ ਮੈਂ ਸੋਵੀਅਤ ਰੂਸ ਨੂੰ ਸਮਾਜਕ-ਸਾਮਰਾਜੀ ਕਹਿਣ ਲਈ ਤਿਆਰ ਨਹੀਂ ਸੀ ਪਰ ਐਨਾ ਸਮਝ ਗਿਆ ਸੀ ਕਿ ਉਹ ਸਮਾਜਵਾਦੀ ਦੇਸ਼ ਤਾਂ ਹੈ ਨਹੀਂ। ਉਦੋਂ ਹੀ ਮੈਂ ਪੈਟੀ-ਬੁਰਜੂਆ ਅੰਦੋਲਨ ਦੇ ਰੁਝਾਨਾਂ ਬਾਰੇ ਸਮਝਣ ਦੇ ਨਾਲ ਇਹ ਵੀ ਸਮਝ ਲਿਆ ਕਿ ਇਕ ਸਮਾਜਵਾਦੀ ਲਹਿਰ ਕਿਹੋ ਜਿਹੀ ਹੋਣੀ ਚਾਹੀਦੀ ਹੈ। ਮਜ਼ਦੂਰ ਜਮਾਤ ਦੀ ਪ੍ਰਮੁੱਖ ਭੂਮਿਕਾ ਤੋਂ ਜਾਣੂੰ ਹੋਣ ਤੋਂ ਬਾਅਦ ਮੈਂ ਜ਼ਿੰਦਗੀ 'ਚ ਵਿਅਕਤੀਗਤ ਰਵੱਈਏ ਨੂੰ ਵੀ ਇਨਕਲਾਬੀ ਢੰਗ ਨਾਲ ਬਦਲਿਆ। ਫਿਲਮਾਂ ਬਣਾਉਣ ਬਾਰੇ ਮੈਂ ਵਿਸਥਾਰ ਨਾਲ ਸੋਚਣਾ ਸ਼ੁਰੂ ਕੀਤਾ। 1974 'ਚ ਜੇਲ੍ਹ ਤੋਂ ਬਾਹਰ ਆ ਕੇ ਅਜੇ ਇਕ ਹੀ ਫਿਲਮ 'ਦੀ ਫਰੈਂਡ' ਬਣਾ ਸਕਿਆ ਸੀ ਅਤੇ ਦੂਜੀ ਦੀ ਸ਼ੂਟਿੰਗ ਕਰ ਰਿਹਾ ਸੀ ਕਿ ਦੁਬਾਰਾ ਫਿਰ ਮੈਨੂੰ ਜੇਲ੍ਹ 'ਚ ਡੱਕ ਦਿੱਤਾ।

1974 ਤੋਂ 1981 ਤੱਕ ਮੈਂ ਜਲ੍ਹ 'ਚ ਸੀ। ਉੱਥੇ ਮੈਂ ਨਾਵਲ, ਕਹਾਣੀਆਂ ਦੇ ਨਾਲ ਨਾਲ ਸਿਆਸੀ ਸਾਹਿਤ ਵੀ ਰਚਿਆ। ਫਿਰ ਪੰਜ ਫਿਲਮਾਂ 'ਚ ਕੰਮ ਕੀਤਾ। ਪਹਿਲੀਆਂ ਦੋਵਾਂ ਨੂੰ ਕੋਈ ਜ਼ਿਆਦਾ ਕਾਮਯਾਬੀ ਹਾਸਲ ਨਹੀਂ ਹੋਈ, ਪਰ ਬਾਅਦ ਦੀਆਂ ਤਿੰਨਾਂ ਫਿਲਮਾਂ ਨੂੰ ਕੌਮਾਂਤਰੀ ਪ੍ਰਸਿੱਧੀ ਮਿਲੀ। ਹੁਣ ਮੇਰੇ ਕੋਲ ਪਹਿਲਾਂ ਨਾਲੋਂ ਵੱਧ ਸਾਧਨ ਹਨ ਪਰ ਮੈਂ ਜਲਾਵਤਨ ਹਾਂ। ਇਹਨਾਂ ਸਾਧਨਾਂ ਨਾਲ ਜੇ ਮੈਂ ਆਪਣੇ ਦੇਸ਼ 'ਚ ਫਿਲਮਾਂ ਬਣਾਉਂਦਾ ਤਾਂ ਲਾਜ਼ਮੀ ਹੀ ਹੋਰ ਵਧੀਆ ਬਣ ਸਕਦਾ।

? ਤੁਰਕੀ ਅਤੇ ਹੋਰ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਦੇ ਵਿਕਾਸ 'ਚ ਤੁਹਾਡੀਆਂ ਫਿਲਮਾਂ ਅਤੇ ਹੋਰ ਇਨਕਲਾਬੀ ਕਲਾਵਾਂ ਕੀ ਭੂਮਿਕਾ ਨਿਭਾ ਰਹੀਆਂ ਹਨ ?

—ਮੇਰਾ ਕੇਂਦਰ ਬਿੰਦੂ ਜਮਾਤੀ ਘੋਲ ਹੈ—ਰਾਜ ਸੱਤਾ ਹਥਿਆਉਣ ਲਈ ਪ੍ਰੋਲਤਾਰੀਏ ਦਾ ਘੋਲ ਅਤੇ ਇਸ ਘੋਲ ਦੇ ਵੱਖ ਵੱਖ ਰੂਪ ਹਨ : ਸਿਆਸੀ ਘੋਲ ਹੈ ਅਤੇ ਨਾਲ ਹੀ ਸਭਿਆਚਾਰਕ ਘੋਲ ਅਤੇ ਵਿਚਾਰ-ਧਾਰਕ ਘੋਲ ਸੀ। ਉਂਜ ਤਾਂ ਕਲਾਤਮਕ, ਖਾਸ ਕਰਕੇ ਸਿਨਮੇ ਵਰਗੀ, ਸਰਗਰਮੀ ਤੀਜੀ ਕਿਸਮ ਦੇ ਘੋਲ ਦਾ ਹਿੱਸਾ ਪ੍ਰਤੀਤ ਹੁੰਦੀ ਹੈ। ਜੋ ਸਭਿਆਚਾਰਕ ਅਤੇ ਵਿਚਾਰਧਾਰਕ ਘੋਲ ਨਾਲ ਜੁੜੀ ਹੋਈ ਹੈ, ਪਰ ਉਸੇ ਵੇਲੇ ਇਹ ਸਿਆਸੀ ਘੋਲ ਵੀ ਹੈ। ਕਿਉਂਕਿ ਸਿਨਮੇ ਦੇ ਮਾਧਿਅਮ ਨਾਲ ਲੋਕਾਂ ਦੀਆਂ ਸੰਵੇਦਨਾਵਾਂ, ਭਾਵਨਾਵਾਂ ਅਤੇ ਇੱਛਾਵਾਂ ਨੂੰ ਪੈਦਾ ਕੀਤਾ ਜਾ ਸਕਦਾ ਹੈ। ਉਹਨਾਂ ਭਾਵਨਾਵਾਂ ਨੂੰ ਇਨਕਲਾਬ-ਪੱਖੀ ਬਣਾਉਣਾ ਸੰਭਵ ਹੈ

ਪਰ ਕਲਾਤਮਕ ਲਹਿਰ, ਕਲਾਤਮਕ ਰਚਨਾਵਾਂ ਆਪਣੇ ਆਪ 'ਚ ਸਿਆਸੀ ਘੋਲ ਦੇ ਸਭੇ ਕਿਰਿਆ-ਰੂਪਾਂ ਦੀ ਥਾਂ ਨਹੀਂ ਲੈ ਸਕਦੀਆਂ । ਇਹਨਾਂ ਨੂੰ ਪੂਰਨਤਾ ਦੇਣ ਲਈ ਲਾਜ਼ਮੀ ਹੀ ਕਿਸੇ ਸਿਆਸੀ ਕਾਰਜ, ਕਿਸੇ ਪੂਰਕ ਸਿਆਸੀ ਕਾਰਜ ਦੀ ਜ਼ਰੂਰਤ ਹੁੰਦੀ ਹੈ । ਕਲਾ ਵਿਚ, ਸਿਆਸੀ ਘੋਲ, ਸਾਰੇ ਕਾਰਜਾਂ ਅਤੇ ਪ੍ਰਭਾਵਾਂ ਨੂੰ ਲੱਭਣਾ ਠੀਕ ਨਹੀਂ, ਨਾਂ ਹੀ ਇਹਨਾਂ ਸਾਰੇ ਕੰਮਾਂ ਨੂੰ ਸਿਰਫ ਕਲਾ 'ਚ ਸੁਮੇਲ ਦੀ ਇੱਛਾ ਹੀ ਕਰਨੀ ਚਾਹੀਦੀ ਹੈ । ਕਲਾ-ਸਰਗਰਮੀਆਂ ਸਿਆਸੀ ਲਹਿਰ 'ਚ ਸਿਰਫ ਮਦੱਦ ਕਰਦੀਆਂ ਹਨ, ਇਸ ਨੂੰ ਰੋਲਾ ਕਰਦੀਆਂ ਹਨ । ਸਿਆਸੀ ਘੋਲ ਦੀ ਸਮੁੱਚੀ ਭੂਮਿਕਾ ਕਲਾਤਮਕ ਰਚਨਾ 'ਤੇ ਨਹੀਂ ਠੋਸਣੀ ਚਾਹੀਦੀ । ਇਹ ਕਾਰਜ ਕਿਸੇ ਉਚਿੱਤ ਸਿਆਸੀ ਸਰਗਰਮੀ, ਲਿਖਤਾਂ, ਸਪਸ਼ਟੀਕਰਨਾ ਅਤੇ ਵਿਆਖਿਆਵਾਂ ਰਾਹੀ ਹੀ ਪੂਰਾ ਹੋਵੇਗਾ ।

ਦੂਜੇ ਪਾਸੇ ਪਦਾਰਥਕ ਹਾਲਤਾਂ ਨੂੰ ਧਿਆਨ 'ਚ ਰੱਖਦੇ ਹੋਏ ਸਾਨੂੰ ਇਸ ਦ੍ਰਿਸ਼ਟੀਕੋਨ ਤੋਂ ਸਹੀ ਤੌਰ 'ਤੇ ਇਹ ਘੋਖਣਾ ਚਾਹੀਦਾ ਹੈ ਕਿ ਅਸੀਂ ਕਿਹਨਾਂ ਲੋਕਾਂ ਤੱਕ ਆਪਣਾ ਸੁਨੇਹਾਂ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਹੈ ? ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣ ਦੀ ਸਾਨੂੰ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ । ਕੋਈ, ਲੋਕਾਂ ਦੇ ਕਿਸੇ ਛੋਟੇ ਹਿੱਸੇ ਲਈ ਕੰਮ ਕਰ ਸਕਦਾ ਹੈ, ਪਰ ਉਹ ਹਿੱਸਾ ਵੀ ਉਹਨਾਂ ਲੋਕਾ ਦੁਆਰਾ ਹੀ ਮਿਥਿਆ ਜਾਂਦਾ ਹੈ ਜਿਹਨਾਂ ਦੀ ਪਹਿਲਾਂ ਤੋਂ ਹੀ ਨਿਸ਼ਚਤ ਚੇਤਨਾ ਹੈ, ਗਿਆਨ ਹੈ । ਸੰਬੋਧਨ ਕਰਨ ਲਈ ਮੈਂ ਹਮੇਸ਼ਾ ਲੋਕਾਂ ਦੇ ਵਿਸ਼ਾਲ ਹਿੱਸੇ ਨੂੰ ਹੀ ਚੁਣਦਾ ਹਾਂ । ਇਹ ਮੇਰਾ ਨਿਸ਼ਾਨਾ ਹੈ ਜਿਸ ਨੂੰ ਮੈਂ ਸ਼ੁਰੂ ਤੋਂ ਹੀ ਤਹਿ ਕਰ ਲਿਆ ਸੀ । ਇਸ ਪੱਖੋਂ ਕੁਝ ਲੋਕ, ਕੁਝ ਸਾਥੀ ਮੇਰੇ ਕੰਮ ਦੀ ਬੜੇ ਹੀ ਤੰਗ-ਨਜ਼ਰ ਢੰਗ ਨਾਲ ਆਲੋਚਨਾ ਕਰਦੇ ਹਨ । ਉਹ ਇਹ ਨਹੀਂ ਸਮਝਦੇ ਕਿ ਮੈਂ ਲੋਕਾਂ ਦੇ ਵਿਸ਼ਾਲ ਹਿੱਸੇ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹੈ । ਉਹ ਇਹ ਵੀ ਨਹੀਂ ਸਮਝਣਾ ਚਾਹੁੰਦੇ ਕਿ ਕਲਾ ਦਾ ਆਪਣਾ ਇਕ ਵਿਸ਼ੇਸ਼ ਖੇਤਰ ਹੁੰਦਾ ਹੈ—ਅਤੇ ਕਲਾ ਨਾਲ ਤੁਸੀਂ ਸਿਆਸੀ ਲਹਿਰ ਦੇ ਸੱਭੇ ਕਾਰਜਾਂ ਦੀ ਤੁਲਨਾ ਨਹੀਂ ਕਰ ਸਕਦੇ । ਪਰ ਅਜਿਹੀਆਂ ਆਲੋਚਨਾਵਾਂ ਮੇਰੇ ਲਈ ਮਹੱਤਵ ਨਹੀਂ ਰੱਖਦੀਆਂ । 'ਯੋਲ' ਲੋਕਾਂ ਦੇ ਵਿਸ਼ਾਲ ਹਿੱਸੇ ਤੱਕ ਪਹੁੰਚ ਸਕੀ ਹੈ ਤੇ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ । ਇਹ ਕੋਈ ਚਾਣਚੱਕ ਨਹੀ ਵਾਪਰਿਆ ਬਲਕਿ ਮੇਰੀਆਂ ਚੇਤੰਨ ਕੋਸ਼ਿਸ਼ਾਂ ਦਾ ਸਿੱਟਾ ਹੈ ।

ਕਲਾ ਆਪਣੇ ਆਪ ਇਨਕਲਾਬ ਨਹੀਂ ਕਰਦੀ, ਪਰ ਇਕ ਦਰੁਸਤ ਸਿਆਸੀ ਸਮਝ ਰੱਖਣ ਵਾਲਾ ਕਲਾਕਾਰ—ਜਿਸਦਾ ਸੰਸਾਰ ਪ੍ਰਤੀ ਦਰੁਸਤ ਸਿਆਸੀ ਨੁਕਤਾ-ਨਜ਼ਰ ਹੈ—ਆਪਣੇ ਕੰਮ ਦੇ ਮਾਧਿਅਮ ਰਾਹੀਂ ਲੋਕਾਂ ਨਾਲ ਵਿਸ਼ਾਲ ਪੱਧਰ 'ਤੇ ਮਜ਼ਬੂਤ ਸੰਬੰਧ ਕਾਇਮ ਕਰ ਸਕਦਾ ਹੈ । ਅਤੇ ਫਿਰ ਇਹ ਸੰਬੰਧ ਸਿਆਸੀ ਬਣ ਸਕਦੇ ਹਨ । ਇਹਨਾਂ ਅਰਥਾਂ 'ਚ ਕਲਾ ਸਿਆਸੀ ਟਾਕਰੇ, ਸਿਆਸੀ ਪ੍ਰਚਾਰ ਵਾਸਤੇ ਲਾਹੇਵੰਦ ਹੋ ਸਕਦੀ ਹੈ ਪਰ ਟਾਕਰੇ ਅਤੇ ਪ੍ਰਚਾਰ ਨੂੰ ਮੈਂ ਮਸ਼ੀਨੀ ਅਰਥਾਂ 'ਚ ਨਹੀਂ ਲੈਂਦਾ—ਫਿਰ ਉਹ ਕਲਾ ਨਹੀਂ ਰਹਿੰਦੀ । ਜਦ ਤੁਹਾਡੇ ਕੋਲ ਅਸਲੀ ਇਨਕਲਾਬੀ ਕਲਾ ਹੋਵੇ ਤਾਂ ਤੁਸੀਂ ਨਾਂ ਸਿਰਫ ਲੋਕਾਂ 'ਤੇ ਹੀ ਬਲਕਿ ਦੂਸਰੇ ਕਲਾਕਾਰਾਂ 'ਤੇ ਵੀ ਅਸਰ ਪਾਉਂਦੇ ਹੋ । ਸਿਆਸੀ ਚੇਤਨਾ ਵਾਸਤੇ ਤੁਸੀਂ ਇਕ ਖੇਤਰ ਮਿਥ ਲੈਂਦੇ ਹੋ । ਫਿਰ ਕਲਾ ਹਥਿਆਰ ਦਾ ਰੂਪ ਧਾਰ ਲੈਂਦੀ ਹੈ—ਬੇਸ਼ੱਕ ਇਸ ਦੀ ਆਪਣੀ ਇਕ ਵਿਸ਼ੇਸ਼ ਭਾਸ਼ਾ ਹੁੰਦੀ ਹੈ, ਅਜਿਹੀ ਭਾਸ਼ਾ ਜਿਸਦਾ ਸੰਬੰਧ ਕਲਾ ਨਾਲ ਵੀ ਹੁੰਦਾ ਹੈ । ਇਸ ਭਾਸ਼ਾ ਨੂੰ ਪੂਰੀ ਤਰ੍ਹਾਂ ਸੱਚਾ ਸਨਮਾਨ ਦੇਣਾ ਚਾਹੀਦਾ ਹੈ । ਜੇ ਕਲਾ ਦੀ ਭਾਸ਼ਾ ਦਾ ਸਨਮਾਨ ਨਹੀਂ ਕੀਤਾ ਜਾਂਦਾ ਤਾਂ ਇਸ ਦਾ ਅਸਰ ਉਲਟਾ ਹੁੰਦਾ ਹੈ । ਇਹ ਹਥਿਆਰ ਤੁਹਾਨੂੰ ਖਤਮ ਕਰ ਦਿੰਦਾ ਹੈ ।

? 'ਯੋਲ' ਅਤੇ 'ਦੀ ਹਰਟ' ਦੇਖਕੇ ਇਹ ਸਪੱਸ਼ਟ ਸੀ ਕਿ ਇਹਨਾਂ ਦੋਵਾਂ ਫਿਲਮਾਂ 'ਚ ਤੁਰਕੀ ਦੀਆਂ ਔਰਤਾਂ ਤੇ ਕੀਤੇ ਜਾ ਰਹੇ ਜ਼ੁਲਮ ਦੀ ਸਮਸਿਆ ਵਲ ਵਿਸ਼ੇਸ਼ ਧਿਆਨ ਕੇਂਦਰਤ ਕੀਤਾ ਗਿਆ ਹੈ ।

—ਮੇਰੀਆਂ ਫ਼ਿਲਮਾਂ 'ਚ ਔਰਤਾਂ ਦੀ ਸਮਸਿਆ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ । ਇਸਦਾ ਕਾਰਨ ਇਹ ਹੈ ਕਿ ਔਰਤਾਂ ਦੀ ਦੁਰਦਸ਼ਾ ਮੇਰੇ ਲਈ ਇਕ ਅਜਿਹਾ ਨੁਕਤਾ ਹੈ ਜਿਸ ਰਾਹੀਂ ਸਮਾਜਕ ਸਮਸਿਆਵਾਂ ਦੀ ਵਿਸ਼ਾਲਤਾ ਅਤੇ ਉਹਨਾਂ ਦੀ ਏਕਤਾ ਦਾ ਬਿਆਨ ਕੀਤਾ ਜਾ ਸਕਦਾ ਹੈ । ਸਮਾਜ ਵਿਚ ਜਬਰ ਦੇ ਵੱਖ ਵੱਖ ਰੂਪ ਹਨ ਪਰ ਔਰਤ ਦੇ ਮਾਧਿਅਮ ਰਾਹੀਂ ਮੈਂ ਇਕ ਕੇਂਦਰੀ ਨੁਕਤੇ 'ਤੇ ਪਹੁੰਚਿਆ । ਜੋ ਔਰਤਾਂ ਮੇਰੀਆਂ ਫ਼ਿਲਮਾਂ 'ਚ ਦਿਖਾਈਆਂ ਗਈਆਂ ਹਨ, ਉਹ ਸਮਾਜ ਦੇ ਦੱਬੇ-ਕੁਚਲੇ ਵਰਗਾਂ 'ਚੋਂ ਹਨ । ਨਾਲ ਹੀ ਉਹ ਇਕ ਦੂਸਰੇ ਜ਼ੁਲਮ ਦਾ ਵੀ ਸ਼ਿਕਾਰ ਹਨ ਕਿਉਂਕਿ ਉਹਨਾਂ ਦਾ ਸੰਬੰਧ ਸੋਸ਼ਿਤ (Exploited) ਲਿੰਗ ਨਾਲ ਹੈ । ਇਸ ਤਰ੍ਹਾਂ ਔਰਤ ਦੇ ਮਾਧਿਅਮ ਰਾਹੀਂ ਜ਼ੁਲਮ, ਕੇਂਦਰੀ ਤੇ ਭਰਵੇਂ ਰੂਪ 'ਚ ਪ੍ਰਗਟ ਹੁੰਦਾ ਹੈ ।

ਇਥੇ ਮਰਦਾਂ ਦੇ ਵਿਹਾਰ ਵਿਚਲੀਆਂ ਵਿਰੋਧ-ਤਾਈਆਂ ਨੂੰ ਵੀ ਵੱਖ ਵੱਖ ਢੰਗਾਂ ਰਾਹੀਂ ਦਿਖਾਇਆ ਜਾ ਸਕਦਾ ਹੈ । ਜੋ ਮਰਦ ਬਹਾਦਰ, ਹਿੰਮਤੀ ਅਤੇ ਬਾਗੀ ਹੋ ਸਕਦੇ ਹਨ, ਉਹ, ਉਸੇ ਵੇਲੇ ਖੁਦ ਔਰਤਾਂ ਪ੍ਰਤੀ ਪਿਛਾ-

ਖੜੀ ਵੀ ਹੋ ਸਕਦੇ ਹਨ । ਇਸ ਤਰ੍ਹਾਂ ਔਰਤਾਂ ਦੀ ਜਗਹ ਜ਼ੁਲਮ ਦੇ ਸਿਖਰ 'ਤੇ ਹੈ ਅਤੇ ਉਹਨਾਂ ਦੀ ਦੁਰਦਸ਼ਾ ਤੋਂ ਜਬਰ ਦੀਆਂ ਡੂੰਘੀਆਂ ਜੜ੍ਹਾਂ ਪਛਾਣ ਸਕਦੇ ਹਾਂ ।

? 'ਯੋਲ' 'ਚ ਮਰਦਾਂ ਦੇ ਇਸ ਪਛੜੇ ਰਵਈਏ ਦਾ ਖੁੱਲ੍ਹ ਕੇ ਪ੍ਰਗਟਾਵਾ ਹੋਇਆ ਹੈ । ਇਨਕਲਾਬੀਆਂ ਦੇ ਸੰਬੰਧ 'ਚ ਵੀ ਇਸਦਾ ਚਿਤਰਣ ਕੀਤਾ ਗਿਆ ਹੈ । ਇਹ ਰੁਖ ਅਖਤਿਆਰ ਕਰਨ ਤੋਂ ਇਕ ਸੁਆਲ ਪੈਦਾ ਹੁੰਦਾ ਹੈ ਫਿਰ ਪਾਜ਼ੇਟਿਵ' ਜਾਂ 'ਹੀਰੋਇਕ' ਪਾਤਰਾਂ ਨੂੰ ਪੇਸ਼ ਕੀਤਾ ਜਾਣਾ ਕਿਵੇਂ ਸੰਭਵ ਹੈ ? ਦੂਜੇ ਸ਼ਬਦਾਂ 'ਚ ਫਿਲਮ 'ਯੋਲ' ਲੋਕਾਂ ਦੀਆਂ ਸਮਸਿਆਵਾਂ ਅਤੇ ਉਹਨਾਂ 'ਤੇ ਹੁੰਦੇ ਜਬਰ ਦਾ ਅਸਲੀ ਰੰਗ ਤਾਂ ਉਘੇੜਦੀ ਹੈ ਪਰ ਇਸ 'ਚ ਇਕ ਸਪਸ਼ੱਟ ਬਹਾਦਰ ਭੂਮਿਕਾ ਦੀ ਘਾਟ ਹੈ, ਜਿਸਦੇ ਕਾਰਨ ਇਸ ਦੀ ਆਲੋਚਨਾ ਵੀ ਹੋਈ । ਤੁਸੀਂ ਸ਼ਾਇਦ ਇਸ 'ਤੇ ਟਿੱਪਣੀ ਕਰਨੀ ਚਾਹੋ ?

—ਇਸ ਆਲੋਚਨਾ ਦਾ ਮੇਰੇ ਕੋਲ ਇਕੋ ਜੁਆਬ ਹੈ । 'ਪਾਜ਼ੇਟਿਵ ਹੀਰੋ' ਨੂੰ ਜਿਸ ਅਰਥ 'ਚ ਅਕਸਰ ਲਿਆ ਜਾਂਦਾ ਹੈ, ਮੇਰੀ ਧਾਰਨਾ ਉਸ ਨਾਲੋਂ ਬਿਲਕੁਲ ਵੱਖਰੀ ਹੈ । ਮੇਰੀ ਫਿਲਮ 'ਚ ਬਹੁਤ ਸਾਰੇ 'ਪਾਜ਼ੇਟਿਵ' ਪੱਖ ਹਨ । ਮੈਂ ਇਹ ਵੇਖਣ ਤੇ ਦਿਖਾਉਣ ਦੀ ਕੋਸ਼ਿਸ਼ ਕਰਦਾ ਹਾਂ ਕਿ ਇਕ ਨੈਗੇਟਿਵ ਹੀਰੋ ਜਾਂ ਨੈਗੇਟਿਵ ਹਾਲਤ 'ਚ ਵੀ 'ਪਾਜ਼ੇਟਿਵ' ਕੀ ਹੈ । ਕਿਉਂਕਿ ਵਿਰੋਧ-ਤਾਈਆਂ ਹਮੇਸ਼ਾ ਇਕੋ ਵੇਲੇ ਇਕ ਦੂਸਰੇ ਦੇ ਉਲਟ ਹੁੰਦੀਆਂ ਹਨ ਜਿਸ ਨੂੰ ਅਸੀਂ ਵਿਰੋਧੀ ਤੱਤਾਂ ਦੀ ਏਕਤਾ ਕਹਿੰਦੇ ਹਾਂ । ਆਉ ਫਿਲਮ ਵਿਚਲੀਆਂ ਕੁਝ ਉਦਾਹਰਣਾਂ ਲਈਏ : ਸੀਅਟ ਆਪਣੀ ਘਰ ਵਾਲੀ ਨੂੰ ਮਰਨ ਵਾਸਤੇ ਬਰਫ਼ 'ਚ ਛੱਡ ਦਿੰਦਾ ਹੈ ਪਰ ਅਖੀਰਲੇ ਪਲ—ਕਿਉਂਕਿ ਸ਼ੁਰੂ ਤੋਂ ਹੀ ਉਸ 'ਚ ਅੰਦਰੂਨੀ ਵਿਰੋਧ ਹੈ ਅਤੇ ਉਹ ਖੁਦ ਆਪਣੇ ਬਾਰੇ ਵੀ ਨਿਸ਼ਚਿਤ ਨਹੀਂ । ਉਸ ਦੀ ਇਕ ਅੰਦਰੂਨੀ ਹਾਲਤ ਹੈ—ਉਹ ਆਪਣੀ ਘਰ ਵਾਲੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੈ । ਜਦ ਉਹ ਮਰ ਜਾਂਦੀ ਹੈ ਤਾਂ ਉਸ ਨੂੰ ਗਹਿਰਾ ਦੁੱਖ ਅਤੇ ਤਕਲੀਫ ਹੁੰਦੀ ਹੈ ਅਤੇ ਬਾਅਦ 'ਚ ਪਛਤਾਵੇ ਦੀ ਅੱਗ ਹੀ ਉਸਨੂੰ ਬਰਬਾਦ ਕਰ ਦਿੰਦੀ ਹੈ । ਇਹ ਪਛਤਾਵਾ ਬਹੁਤ ਚੁਭਵਾਂ ਹੈ । ਇਹ ਅੰਸ਼ ਮੇਰੇ ਲਈ ਬੇ-ਹੱਦ 'ਪਾਜ਼ੇਟਿਵ' ਹੈ । ਫਿਰ ਆਈਏ ਮਹਿਮਟ ਵੱਲ, ਜੋ ਆਪਣਿਆਂ ਸਹੁਰਿਆਂ ਹੱਥੋਂ ਮਾਰਿਆ ਜਾਂਦਾ ਹੈ : ਉਸ ਆਦਮੀ ਦੀ ਜ਼ਿੰਦਗੀ ਟਿਕੀ ਹੀ ਝੂਠ 'ਤੇ ਹੈ । ਉਹ ਹਮੇਸ਼ਾ ਝੂਠ ਬੋਲਦਾ ਸੀ. ਪਰ ਉਸ 'ਚ ਵੀ ਤਬਦੀਲੀ ਆਉਂਦੀ ਹੈ—ਅਚਾਨਕ ਨਹੀਂ, ਬਲਕਿ ਸਹਿਜੇ-ਸਹਿਜੇ । ਸਚਾਈ ਕਹਿਣ ਦੀ ਉਸ 'ਚ ਹਿੰਮਤ ਪੈਦਾ ਹੁੰਦੀ ਹੈ । ਜਾਂ ਉਸ ਕੁਰਦਿਸ਼ ਨੌਜੁਆਨ ਨੂੰ ਲਈਏ ਜਿਸਦਾ ਪ੍ਰਵਾਰ ਇਕ ਸਮਗਲਰ ਦੇ ਪਿੰਡ ਰਹਿੰਦਾ ਹੈ । ਉਸ ਲੜਕੇ 'ਚ ਇਹ ਕਹਿ ਸਕਣ ਦੀ ਹਿੰਮਤ ਹੈ ਕਿ ਮੈਂ ਵਾਪਸ ਜੇਲ੍ਹ ਨਹੀਂ ਜਾ ਰਿਹਾ, ਮੈਂ ਹਰ ਖਤਰਾ ਮੁੱਲ ਲੈ ਰਿਹਾ ਹਾਂ ਮੈਂ ਆਪਣੇ ਭਰਾ ਵਾਂਗੂੰ ਪਹਾੜਾਂ 'ਤੇ ਜਾ ਰਿਹਾ ਹਾਂ, ਜਿਸਨੂੰ ਉਹਨਾਂ ਮਾਰ ਮੁਕਾਇਆ ਹੈ । 'ਪਾਜ਼ੇਟਿਵ' ਦਾ ਜੋ ਅਰਥ ਮੈਂ ਸਮਝਦਾ ਹਾਂ ਅਤੇ ਜ਼ਿੰਦਗੀ 'ਚ 'ਪਾਜ਼ੇਟਿਵ' ਨੂੰ ਜਿਸ ਰੂਪ 'ਚ ਦਿਖਾਉਣ ਦੀ ਜੋ ਕੋਸ਼ਿਸ਼ ਕਰ ਰਿਹਾ ਹਾਂ ਉਹ ਤਬਦੀਲੀ, ਸਧਾਰ ਦੇ ਰੂਪਾਂ-ਤਰਨ ਹੈ ਅਤੇ ਇਸਦੀ ਪ੍ਰਕਿਰਿਆ ਹੈ । ਦੂਜਿਆਂ ਵਾਂਗੂੰ 'ਪਾਜ਼ੇਟਿਵ' ਜਾਂ 'ਨੈਗੇਟਿਵ' ਬਾਰੇ ਮੇਰਾ ਦ੍ਰਿਸ਼ਟੀਕੋਣ ਸਥਿਰ ਨਹੀਂ ਹੈ । ਹਰ 'ਨੈਗੇਟਿਵ' ਚੀਜ਼ 'ਚ ਉਮੀਦ ਛੁਪੀ ਹੁੰਦੀ ਹੈ, ਭਵਿਖ ਹੁੰਦਾ ਹੈ ਅਰਥਾਤ ਕਲ ਵਾਸਤੇ ਪਾਜ਼ੇਟਿਵ ਹੋਣ ਦੇ ਬੀਜ-ਅੰਸ਼ ਛੁਪੇ ਹੁੰਦੇ ਹਨ ।

? ਤੁਰਕੀ 'ਚ ਅਜਿਹੀਆਂ ਔਰਤਾਂ ਹਨ ਜੋ ਇਨਕਲਾਬੀ ਲਹਿਰਾਂ 'ਚ ਸਰਗਰਮ ਭੂਮਿਕਾ ਨਿਭਾਉਂ-ਦੀਆਂ ਹਨ ਜਾਂ ਜੋ ਜਗੀਰੂ ਪਛੜੇਵੇਂ ਮੂਹਰੇ ਗੋਡੇ ਟੇਕਣ ਤੋਂ ਇਨਕਾਰੀ ਹਨ । ਫਿਲਮ 'ਚ ਤੁਸੀਂ ਔਰਤਾਂ ਦੀ ਦੁਰਦਸ਼ਾ ਤਾਂ ਵੇਖਦੇ ਹੋ ਪਰ ਇਸਦੇ ਵਿਰੋਧ 'ਚ ਕਿਸੇ ਤਰ੍ਹਾਂ ਦੀ ਬਗਾਵਤ ਨਹੀਂ ਦੇਖਦੇ ?

—ਤੁਸੀਂ ਸਹੀ ਕਹਿੰਦੇ ਹੋ ਕਿ ਤੁਰਕੀ 'ਚ ਅਜਿਹੀਆਂ ਔਰਤਾਂ ਹਨ ਜੋ ਇਨਕਲਾਬੀ ਲਹਿਰ ਦਾ ਇਕ ਹਿੱਸਾ ਹਨ ਜੋ ਸਮਰਪਨ ਕਰਨ ਦੀ ਬਜਾਇ ਵਿਅਕਤੀਗਤ ਜਾਂ ਸਮਾਜਕ ਤੌਰ 'ਤੇ ਆਪਣੀਆਂ ਜੀਵਨ-ਹਾਲਤਾ ਨੂੰ ਤਬਦੀਲ ਕਰਨਾ ਚਾਹੁੰਦੀਆਂ ਹਨ । ਇਹ ਦਰੁਸਤ ਹੈ । ਪਰ ਇਕੋ ਫਿਲਮ ਦੀਆਂ ਆਪਣੀਆਂ ਸੀਮਤਾਈਆਂ ਹੁੰਦੀਆਂ ਹਨ । ਕੋਈ ਫਿਲਮ ਇਕ ਦੇਸ਼ ਦੀਆਂ ਸਾਰੀਆਂ ਸਮਸਿਆਵਾਂ ਤੇ ਸਾਰੀਆਂ ਹਾਲਤਾਂ ਦੱਸਣ ਲਈ ਨਹੀਂ ਬਣਾਈ ਜਾਂਦੀ ।

? ਫਿਲਮੀ ਦੁਨੀਆਂ ਵਿਚ ਤੁਸੀਂ ਹੁਣ ਸੰਸਾਰ ਪ੍ਰਸਿੱਧ ਵਿਅਕਤੀ ਹੋ । ਫਿਲਮੀ ਦੁਨੀਆਂ ਦੇ ਵੱਖ ਵੱਖ ਝੁਕਾਵਾਂ ਨੂੰ ਤੁਸੀਂ ਕਿਸ ਤਰ੍ਹਾਂ ਲੈਂਦੇ ਹੋ ? ਇਸ ਖੇਤਰ 'ਚ ਕੀ ਤੁਸੀਂ 'ਪਾਜ਼ੇਟਿਵ', ਪ੍ਰਗਤੀਸ਼ੀਲ ਜਾਂ ਇਨਕਲਾਬੀ ਰੁਝਾਣ ਦਾ ਵਿਕਾਸ ਦੇਖਦੇ ਹੋ ?

—ਫਿਲਮੀ ਦੁਨੀਆ ਵਿਚ ਪਿਛਾਖੜੀ ਰੁਝਾਨ ਹਾਵੀ ਹੈ—ਇਸਤਰ੍ਹਾਂ ਦਾ ਸਿਨੇਮਾ ਹੈ ਜੋ ਲੋਕਾਂ ਨੂੰ ਨੀਂਦ ਲਿਆਉਣ, ਉਹਨਾਂ ਨੂੰ ਸੰਘਰਸ਼ ਅਤੇ ਅਸਲੀ ਜ਼ਿੰਦਗੀ ਤੋਂ ਅਲਗ ਕਰਨ ਦੀ ਭੂਮਿਕਾ ਨਿਭਾ ਰਿਹਾ ਹੈ । ਪਰ ਹਰ ਦੇਸ਼ 'ਚ ਅਜਿਹੇ ਨੌਜਵਾਨ ਫ਼ਿਲਮ ਡਾਇਰੈਕਟਰ ਵੀ ਹਨ ਜੋ 'ਨਵੇਂ' ਢੰਗ ਦੇ ਸਿਨੇਮੇ ਲਈ ਸੰਘਰਸ਼ ਕਰ ਰਹੇ ਹਨ । ਕੁਝ ਸਫਲਤਾ ਵੀ ਮਿਲੀ ਹੈ । ਪਰ ਮੌਕਾ-ਪ੍ਰਸਤ ਅਤੇ ਨਕਲੀ ਇਨਕਲਾਬੀਆਂ ਦਾ ਬਹੁਤ ਵਡਾ ਖਤਰਾ ਹਮੇਸ਼ਾ ਰਹਿੰਦਾ ਹੈ । ਤੁਰਕੀ 'ਚ ਅਜਿਹਾ ਹੋ ਚੁਕਿਆ ਹੈ । ਮੈਂ ਸਮਝਦਾ ਹਾਂ ਕਿ ਨੇੜ ਭਵਿਖ ਵਿਚ ਪ੍ਰਗਤੀਸ਼ੀਲ ਰੁਝਾਨ ਜ਼ੋਰ ਫੜੇਗਾ ਅਤੇ ਪ੍ਰਗਤੀਸ਼ੀਲ ਫਿਲਮਾਂ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਸੰਭਾਵਨਾਵਾਂ ਬਣਨਗੀਆਂ ਪਰੰਤੂ ਨਾਲ ਹੀ ਮੌਕਾਪ੍ਰਸਤ ਅਤੇ ਨਕਲੀ ਇਨਕਲਾਬੀ ਫਿਲਮਾਂ ਦਾ ਖਤਰਾ ਵੀ ਵਧੇਗਾ ।

? ਜਦ ਤੁਸੀਂ ਕਾਨ ਦੇ ਮੇਲੇ 'ਚ ਸੀ ਤਾਂ ਉਸ ਵੇਲੇ ਤੁਰਕੀ ਦੇ ਹਜ਼ਾਰਾਂ ਇਨਕਲਾਬੀ ਪ੍ਰਵਾਸੀ ਮਜ਼ਦੂਰ ਵੀ ਉਥੇ ਸਨ । ਕੀ ਤੁਹਾਨੂੰ ਇੰਜ ਲਗਿਆ ਕਿ ਇਹਨਾਂ ਇਨਕਲਾਬੀ ਤੱਤਾਂ ਦੀ ਹਾਜ਼ਰੀ 'ਚ ਮੇਲੇ ਵਿਚ ਤੁਹਾਡੇ ਇਨਾਮ ਜਿੱਤਣ ਦੇ ਮੌਕੇ ਵਿਗੜ ਸਕਦੇ ਹਨ ?

—ਮਹੱਤਵਪੂਰਨ ਗੱਲ ਇਹ ਸੀ ਕਿ ਤੁਰਕੀ 'ਚ ਫੌਜੀ ਫਾਸ਼ਿਸ਼ਟ ਤਾਨਾਸ਼ਾਹੀ ਦਾ ਖੁੱਲੇਆਮ ਵਿਰੋਧ ਕਰਨ ਲਈ ਉਸ ਮੌਕੇ ਦਾ ਕਿਵੇਂ ਫਾਇਦਾ ਉਠਾਇਆ ਜਾ ਸਕੇ ? ਟੈਲੀਵੀਜਨ, ਰੇਡੀਉ, ਅਖ਼ਬਾਰਾਂ ਅਤੇ ਰਸਾਲਿਆਂ, ਸਾਰਿਆਂ 'ਚ ਇਸ ਪ੍ਰਦਰਸ਼ਨ ਨੂੰ ਪੇਸ਼ ਕੀਤਾ ਗਿਆ । ਇਸ ਤਰ੍ਹਾਂ ਨਾਲ ਕਲਾ ਅਤੇ ਸਿਆਸਤ ਦੀ ਏਕਤਾ ਬਾਰੇ ਮੇਰੇ ਸਿਧਾਂਤਕ ਦ੍ਰਿਸ਼ਟੀਕੋਣ ਦੀ ਪੁਸ਼ਟੀ ਹੀ ਹੋਈ ਹੈ । ੦

ਪੇਸ਼ਕਸ਼ : ਲਾਲ ਸਿਘ

# 'ਕਰਿਡ ਵਿਚਾਰ ਮੰਚ' ਦੇ ਵਿਚਾਰਾਂ ਉਪਰ ਟਿੱਪਣੀ ੦ ਮਾਰਕਸੀ ਵਿਚਾਰ ਮੰਚ ਪਟਿਆਲਾ

ਪੰਜਾਬ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਅਤੇ ਖਾਸ ਕਰ ਕੇ ਹਰਿਮੰਦਰ ਸਾਹਿਬ ਵਿੱਚ ਹੋਈ ਫੌਜੀ ਕਾਰਵਾਈ ਤੋਂ ਬਾਅਦ ਪੰਜਾਬ ਦੇ ਬੁਧੀ ਜੀਵੀਆਂ ਵਿਚ, ਪੰਜਾਬ ਦੀ ਸਮੱਸਿਆ ਨੂੰ ਸਮਝਣ-ਸਮਝਾਉਣ ਲਈ ਇੱਕ ਸਿਹਤਮੰਦ ਰੌਂ ਪੈਦਾ ਹੋਇਆ ਹੈ। ਇਹ ਪਿਛਲੇ ਲੰਮੇ ਸਮੇਂ ਵਿਚ ਆਈ ਵਿਗਿਆਨਕ ਬੌਧਿਕ ਖੜੋਤ ਨੂੰ ਉਲੰਘਣ ਲਈ ਚੰਗੀ ਸ਼ੁਰੂਆਤ ਹੈ। ਇਸ ਕੰਮ ਲਈ ਇਨਕਲਾਬੀ-ਜਮਹੂਰੀ ਪਰਚਿਆਂ ਅਤੇ ਖਾਸ ਕਰਕੇ 'ਸਮਤਾ' ਦੀ ਭੂਮਿਕਾ ਅਹਿਮ ਹੈ। ਅਸੀਂ ਇਸ ਨਵੀਂ ਉਸਰ ਰਹੀ ਨਰੋਈ ਅਤੇ ਉਸਾਰੂ ਬੌਧਿਕ ਲਹਿਰ ਦਾ ਸਵਾਗਤ ਕਰਦੇ ਹਾਂ।

ਸਮਤਾ ਦੇ ਸਤੰਬਰ ਅੰਕ ਵਿਚ ਮਾਰਕਸੀ ਵਿਚਾਰ ਮੰਚ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਅਤੇ ਵਿਅਕਤੀਆਂ ਦੇ ਵਿਚਾਰ ਛਪੇ ਹਨ । ਜਿਨ੍ਹਾਂ ਵਿਚੋਂ ਕੁੱਝ ਗੰਭੀਰ ਥਿੜਕਣਾ ਅਤੇ ਘਚੋਲੇ ਦਾ ਸ਼ਿਕਾਰ ਹਨ। 'ਕਰਿਡ ਵਿਚਾਰ ਮੰਚ' ਅਤੇ ਗੁਰਸ਼ਰਨ ਸਿੰਘ ਸੇਖੋਂ ਦੇ ਵਿਚਾਰ ਸਾਡੀ ਟਿਪਣੀ ਦਾ ਵਿਸ਼ਾ ਬਣੇ ਹਨ।

'ਕਰਿਡ ਵਿਚਾਰ ਮੰਚ' ਵਲੋਂ ਪਹਿਲਾ ਸਵਾਲ ਇਹ ਉਠਾਇਆ ਗਿਆ ਹੈ ਕਿ 'ਪੰਜਾਬ ਵਿਚਲੇ ਹਿੰਦੂ ਅਤੇ ਸਿੱਖ ਦੋਵੇਂ ਹੀ ਘੱਟ ਗਿਣਤੀ ਮਨੋਵਿਰਤੀ ਦਾ ਸ਼ਿਕਾਰ ਹਨ ਜੋ ਇਥੋਂ ਦੀ ਸੌ ਤੋਂ ਵੀ ਵੱਧ ਸਾਲਾਂ ਦੀ ਫਿਰਕੂ ਰਾਜਨੀਤੀ ਦੀ ਦੇਣ ਹੈ।' ਜਦੋਂ ਵੀ ਅਸੀਂ ਕਿਸੇ ਖਿੱਤੇ ਵਿਚ ਕਿਸੇ ਧਰਮ ਦੇ ਪੈਰੋਕਾਰਾਂ ਦੀ ਬਹੁਗਿਣਤੀ ਜਾਂ ਘੱਟ ਗਿਣਤੀ ਦੀ ਗੱਲ ਕਰਦੇ ਹਾਂ ਤਾਂ ਇਹ ਸਮੁੱਚੇ ਦੇਸ਼ ਦੇ ਪ੍ਰਸੰਗ ਵਿੱਚ ਹੀ ਹੋਣੀ ਚਾਹੀਦੀ ਹੈ। ਅਸੀਂ ਉਸ ਖਿੱਤੇ ਨੂੰ ਸਮੁੱਚੇ ਦੇਸ਼ ਨਾਲੋਂ ਤੋੜ ਕੇ ਨਹੀਂ ਦੇਖ ਸਕਦੇ। ਜੇ ਅਸੀਂ ਇਸ ਤਰਾਂ ਕਰਦੇ ਹਾਂ ਤਾਂ ਅਸੀਂ ਪੰਜਾਬ ਨੂੰ ਇੱਕ ਅਜ਼ਾਦ ਦੇਸ਼ ਮੰਨਕੇ ਵਿਚਾਰ ਕਰ ਰਹੇ ਹੋਵਾਂਗੇ। ਇਸ ਤਰ੍ਹਾਂ ਸੋਚਣ ਨਾਲ ਮਸਲੇ ਨੂੰ ਠੀਕ ਤਰ੍ਹਾਂ ਨਹੀਂ ਪਰਖਿਆ ਜਾ ਸਕਦਾ। ਦੂਜੀ ਗੱਲ ਪੰਜਾਬ ਵਿਚ ਹਿੰਦੂ ਅਤੇ ਸਿੱਖਾਂ ਦੀ ਗਿਣਤੀ ਮਿਣਤੀ ਵਿਚ ਘੱਟ ਗਿਣਤੀ-ਬਹੁ ਗਿਣਤੀ ਦੇ ਸਵਾਲ ਤੇ ਕੋਈ ਬਹੁਤਾ ਫ਼ਰਕ ਨਹੀਂ ਅਤੇ ਇਹ ਫਰਕ ਨਿਰਧਾਰਤ ਕਰੂ (determiming factor) ਨਹੀਂ ਹੈ।

ਸਮੁੱਚੇ ਦੇਸ਼ ਵਿਚ ਸਿੱਖ ਬਹੁਤ ਹੀ ਘੱਟ ਗਿਣਤੀ ਵਿਚ ਹਨ ਜੋ ਸਮੁੱਚੀ ਅਬਾਦੀ ਦਾ ਮੁਸ਼ਕਲ ਨਾਲ ਹੀ 2% ਬਣਦੇ ਹਨ। ਤੁਹਾਡੇ ਕਹਿਣ ਮੁਤਾਬਕ ਸਿੱਖ ਵਾਕਈ ਘੱਟ ਗਿਣਤੀ ਮਨੋਵਿਰਤੀ ਦਾ ਸ਼ਿਕਾਰ ਹਨ। ਉਨ੍ਹਾਂ ਦਾ ਇਸ ਤਰ੍ਹਾਂ ਸੋਚਣਾ ਜਾਇਜ਼ ਹੈ। ਇਹ ਮਨੋਵਿਰਤੀ ਪਿਛਲੇ ਤਿੰਨ ਸਾਲਾਂ ਦੀ ਉਪਜ ਨਹੀਂ, ਸਗੋਂ ਜਦੋਂ ਤੋਂ ਸਿੱਖ ਧਰਮ ਹੋਂਦ ਵਿਚ ਆਇਆ ਹੈ, ਉਦੋਂ ਤੋਂ ਹੀ ਸਮਾਜ ਦੇ ਵਿਕਾਸ ਦੇ ਨਾਲ ਹੀ ਪਨਪਦੀ ਆਈ ਹੈ। ਇਸ ਨੂੰ ਸੌ ਜਾਂ ਦੋ ਸੌ ਸਾਲ ਦੀ ਹੱਦ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ ਨਾਲੇ ਇਸ ਤਰਾਂ ਦੀ ਕਾਲਵੰਡ ਕਰਨੀ ਹੀ ਨਹੀਂ ਚਾਹੀਦੀ। ਕਿਉਂਕਿ ਕੋਈ ਵੀ ਲਹਿਰ ਜਾਂ ਮਨੋਵਿਰਤੀ ਸਮਾਜਿਕ ਅਤੇ ਇਤਿਹਾਸਕ ਕਾਰਣਾਂ ਦੀ ਦੇਣ ਹੁੰਦੀ ਹੈ ਜੋ ਸਮਾਜ ਦੇ ਐਨ ਮੁੱਢ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਉਹ ਸਮਾਜ ਦੇ ਵੱਖ ਵੱਖ ਪੜਾਵਾਂ 'ਤੇ ਵੱਖ ਵੱਖ ਰੂਪ ਧਾਰਣ ਕਰਦੀ ਹੈ।

ਪੰਜਾਬ ਵਿਚ ਹਿੰਦੂ ਕਦੇ ਵੀ ਘੱਟ ਗਿਣਤੀ ਮਨੋ-ਵਿਰਤੀ ਦਾ ਸ਼ਿਕਾਰ ਨਹੀਂ ਰਹੇ। ਪੰਜਾਬੀ ਹਿੰਦੂਆਂ ਦੇ ਮਨਾਂ ਵਿਚ ਸਿੱਖ ਫਿਰਕੂ ਅਤਿਵਾਦੀਆਂ ਦੀ ਦਹਿਸ਼ਤ ਜ਼ਰੂਰ ਸੀ। ਪਰ ਇਹ 'ਕੱਲੇ ਹਿੰਦੂਆਂ ਦੀ ਗੱਲ ਨਹੀਂ। ਇਹ ਨਿਰੰਕਾਰੀ ਅਤੇ ਹੋਰ ਫਿਰਕਿਆਂ ਅਤੇ ਸਿੱਖ ਧਾਰਮਿਕ ਕੱਟੜ ਜਨੂੰਨੀਆਂ ਦਾ ਵਿਰੋਧ ਕਰਨ ਵਾਲੇ ਆਮ ਸਿਖ ਤਬਕਿਆਂ ਅਤੇ ਜਮਹੂਰੀਅਤ ਪਸੰਦ ਲੋਕਾਂ ਦੇ ਮਨਾਂ ਵਿਚ ਵੀ ਇਹ ਡਰ ਮੌਜੂਦ ਸੀ। ਇਸਤੋਂ ਉਲਟ ਹਿੰਦੂ ਫਿਰਕਾ ਪ੍ਰਸਤੀ ਅਤੇ ਜਨੂੰਨੀ ਹਮੇਸ਼ਾ ਹੀ ਸਿੱਖ ਅਤਿਵਾਦੀਆਂ ਦੇ ਖਿਲਾਫ 'ਦੋ ਹੱਥ ਕਰਨ' ਦੀਆਂ ਬੜਕਾਂ ਮਾਰਦੇ ਰਹੇ ਹਨ ਕਿ ਜੇਕਰ ਪੰਜਾਬ ਵਿਚਲੇ ਹਿੰਦੂ ਨਾਲ ਕੁੱਝ ਮਾੜਾ ਵਾਪਰ ਗਿਆ ਤਾਂ ਅਸੀਂ ਪੰਜਾਬ ਤੋਂ ਬਾਹਰ ਵਸਦੇ 40 ਲੱਖ ਸਿਖਾਂ ਦਾ ਖੁਰਾਖੋਜ ਮਿਟਾ ਦਿਆਂਗੇ। ਸਿੱਖ ਫਿਰਕਾਪ੍ਰਸਤਾ ਉਪਰ ਦਬਾਅ ਪਾਉਣ ਲਈ ਉਨ੍ਹਾਂ ਨੇ ਭਾਰਤ ਦੇ ਦੂਜੇ ਸੂਬਿਆਂ ਅਤੇ ਖਾਸ ਕਰਕੇ ਹਰਿਆਣੇ ਵਿਚ ਨਿਰਦੋਸ਼ ਸਿੱਖ ਜਨਤਾ ਨਾਲ "ਦੋ ਹੱਥ" ਕੀਤੇ ਵੀ ਹਨ। ਪੰਜਾਬ ਵਿਚਲੇ ਹਿੰਦੂ ਫਿਰਕਾਪ੍ਰਸਤਾਂ ਕੋਲ ਸਿਖ ਫਿਰਕਾਪ੍ਰਸਤਾ ਉਪਰ ਦਬਾਅ ਪਾਉਣ ਲਈ ਜਿੱਥੇ ਕੇਂਦਰੀ ਕਾਂਗਰਸ ਸਰਕਾਰ ਉੱਪਰ ਭਰੋਸਾ ਅਤੇ ਉਸ ਦੀ ਸ਼ਹਿ ਪ੍ਰਾਪਤ ਹੈ ਉੱਥੇ ਉਨ੍ਹਾਂ ਕੋਲ ਦੇਸ਼ ਦੀ ਵੱਡੀ ਹਿੰਦੂ ਬਹੁ ਗਿਣਤੀ ਦਾ ਹੰਕਾਰ ਅਤੇ ਡੰਡਾ ਵੀ ਹੈ।

ਬਹੁ-ਕੌਮੀ ਅਤੇ ਬਹੁ-ਧਰਮੀ ਦੇਸ਼ ਵਿੱਚ ਘੱਟ ਗਿਣਤੀ ਦਾ ਸਵਾਲ ਉਸ ਕੌਮ ਅਤੇ ਧਰਮਾਂ ਦੇ ਲੋਕਾਂ ਦੀ ਆਬਾਦੀ ਦੇ ਅਧਾਰ 'ਤੇ ਹੀ ਤਹਿ ਹੁੰਦਾ ਹੈ। ਘੱਟ ਗਿਣਤੀ ਹੋਣ ਦਾ ਅਹਿਸਾਸ ਉਨ੍ਹਾਂ ਦੇਸ਼ਾਂ ਵਿਚ ਹੋਰ ਵੀ ਤੀਬਰ ਹੁੰਦਾ ਹੈ, ਜਿੱਥੇ ਬੁਰਜੂਆ-ਜਮਹੂਰੀ ਇਨਕਲਾਬ ਨਹੀਂ ਹੋਏ ਹੁੰਦੇ। ਜਿੱਥੇ ਹਾਲੇ ਵੀ ਲੋਕ ਜਗੀਰੂ ਰਿਸ਼ਤਿਆਂ ਦੀ ਜਕੜ ਵਿਚ ਬੰਨੇ ਹੁੰਦੇ ਹਨ ਅਤੇ ਧਰਮਾਂ, ਫ਼ਿਰਕਿਆਂ ਅਤੇ ਹੋਰ ਪਿਛਾਖੜੀ ਰਹੁ ਰੀਤਾਂ ਦੇ ਮਾਰੂ ਹੱਦ

ਸ਼ਿਕਾਰ ਹੁੰਦੇ ਹਨ।

ਇਹ ਗੱਲ ਬਿਲਕੁਲ ਦਰੁਸਤ ਹੈ ਕਿ ਜਮਾਤੀ ਸਮਾਜ ਵਿਚ ਆਰਥਕ ਤੌਰ ਤੇ ਵੱਖ ਵੱਖ ਧਰਮਾਂ ਦੇ ਮਜ਼ਦੂਰਾਂ, ਕਿਸਾਨਾਂ ਅਤੇ ਸਰਮਾਏਦਾਰਾਂ ਦੇ ਆਪਸੀ ਆਰਥਕ ਹਿੱਤ ਸਾਂਝੇ ਹੁੰਦੇ ਹਨ। ਪਰ ਫੇਰ ਵੀ ਵੱਖ ਵੱਖ ਧਰਮਾਂ ਦੇ ਲੋਕਾਂ ਦ ਇਕ ਧਰਮ ਹੋਣ ਦੇ ਪੱਖੋਂ (as a religion) ਆਪਣੇ ਵੱਖਰੇ ਹਿੱਤ ਵੀ ਹੁੰਦੇ ਹਨ। ਜਿਸਦੇ ਅਧਾਰ ਉੱਤੇ ਹੀ ਉਸ ਧਰਮ ਦੀ ਬੁਰਜੂਆਜ਼ੀ ਅਤੇ ਹੋਰ ਪਿਛਾਖੜੀ ਸ਼ਕਤੀਆਂ ਮਜ਼ਦੂਰਾਂ ਨੂੰ ਅਤੇ ਸਮੁੱਚੀ ਲੋਕਾਈ ਨੂੰ ਆਪਣ ਨਾਲ ਜੋੜਣ ਵਿਚ ਕਾਮਯਾਬ ਹੋ ਜਾਂਦੀਆਂ ਹਨ। ਜਿਹੜੇ ਦੋਸਤ ਇਹ ਕਹਿੰਦੇ ਹਨ ਕਿ ਸਿੱਖ ਹਿੱਤ ਜਾਂ ਹਿੰਦੂ ਹਿੱਤ ਕੋਈ ਚੀਜ਼ ਨਹੀਂ ਹਨ। ਗਲਤ ਫਹਿਮੀ ਦਾ ਸ਼ਿਕਾਰ ਹਨ। ਲੁਟੇਰੇ ਰਾਜ ਪ੍ਰਬੰਧ ਵਿਚ ਭਾਰੂ ਧਰਮ ਦੇ ਲੋਕ ਹਮੇਸ਼ਾ ਹੀ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਅਤੇ ਆਤਮ-ਵਿਸ਼ਵਾਸੀ ਅਨੁਭਵ ਕਰਦੇ ਹਨ। ਔਰੰਗਜ਼ੇਬ ਦੇ ਸਾਸ਼ਨ ਦੌਰਾਨ ਗਰੀਬ ਤੋਂ ਗਰੀਬ ਮੁਸਲਮਾਨ ਵੀ ਅਮੀਰ ਤੋਂ ਅਮੀਰ ਹਿੰਦੂ ਦੇ ਮੁਕਾਬਲ ਵਧੇਰੇ ਸੁਰੱਖਿਅਤ ਅਨੁਭਵ ਕਰਦਾ ਸੀ। ਲੁੱਟੂ ਰਾਜ ਪ੍ਰਬੰਧ ਵਿਚ ਜਿਹੜੇ ਧਰਮ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਸਰਕਾਰੀ ਸਰਪ੍ਰਸਤੀ ਹਾਸਲ ਹੋ ਜਾਵੇ ਤਾਂ ਉਸਦੇ ਹਿੱਤਾਂ ਨੂੰ ਹਮੇਸ਼ਾ ਹੀ ਪਹਿਲ ਮਿਲਦੀ ਹੈ ਅਤੇ ਘੱਟ ਗਿਣਤੀ ਧਰਮ ਦੇ ਲੋਕਾਂ ਨਾਲ ਵਿਤਕਰਾ ਹੁੰਦਾ ਹੈ। ਇਸ ਸੰਦਰਭ ਵਿਚ ਇੱਕੋ ਜਮਾਤ ਦੇ ਵੱਖ ਵੱਖ ਧਰਮਾਂ ਦੇ ਲੋਕਾਂ ਵਿਚ ਧਾਰਮਕ ਹਿੱਤਾ ਲਈ ਟਕਰਾਓ ਰਹਿੰਦਾ ਹੈ।

ਕਰਿਡ ਵਿਚਾਰ ਮੰਚ ਵਾਲੇ ਸਾਥੀ ਸਾਥੀ ਸਭਿਆ-ਚਾਰ ਅਤੇ ਕੌਮ ਨੂੰ ਰਲਗੱਡ ਕਰਦੇ ਹਨ। ਸਭਿਆਚਾਰ ਨੂੰ ਕੌਮ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਕੌਮ ਦੇ ਵੱਖ ਵੱਖ ਤੱਤਾਂ ਵਿੱਚੋਂ ਸਿਰਫ ਇਕ ਤੱਤ ਹੈ। ਮੌਜੂਦਾ ਅਕਾਲੀ ਐਜੀਟੇਸ਼ਨ ਦੌਰਾਨ ਸਭਿਆਚਾਰ ਦਾ ਤਾਂ ਸਵਾਲ ਹੀ ਨਹੀਂ ਉਠਾਇਆ ਗਿਆ। ਹੁਣ ਤਾਂ ਮੁੱਖ ਮੁਦਾ ਹੀ ਕੌਮ ਦਾ ਹੈ। ਪੰਜਾਬੀ ਸਭਿਆਚਾਰ ਤੋਂ ਹਿੰਦੂ ਜਾਂ ਸਿੱਖ ਕੋਈ ਵੀ ਮੁਨਕਰ ਨਹੀਂ। ਸਿੱਖ ਫਿਰਕਾ-ਪ੍ਰਸਤ ਜਿੱਥੇ ਪੰਜਾਬੀ ਕੌਮ ਨੂੰ 'ਸਿੱਖ ਕੌਮ' ਵਜੋਂ ਪੇਸ਼ ਕਰਦੇ ਹਨ, ਉੱਥੇ ਸਾਨੂੰ ਇਸਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ। ਕਿਉਂਕਿ ਧਰਮ ਕਦੇ ਵੀ ਕੌਮ ਦਾ ਅਧਾਰ ਨਹੀਂ ਹੁੰਦਾ, ਸਗੋਂ ਇਹ ਤਾਂ ਕੌਮ ਦੇ ਵੱਖ ਵੱਖ ਤੱਤਾਂ ਵਿਚ ਮਾੜੇ ਮੋਟੇ ਪੱਖ ਵਿਚੋਂ ਵੀ ਨਹੀਂ ਮਿਣਿਆ ਜਾ ਸਕਦਾ। ਇੱਕ ਮਜ਼ੂਬ ਵਿਚ ਕਈ ਕੌਮਾਂ ਹੋ ਸਕਦੀਆਂ ਹਨ ਅਤੇ ਇੱਕ ਕੌਮ ਵਿੱਚ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਹੋ ਸਕਦੇ ਹਨ।

ਅਕਾਲੀ ਪਾਰਟੀ ਨੂੰ ਨਿਰੋਲ ਫਿਰਕੂ ਪਾਰਟੀ ਕਹਿਣਾ ਅਤੇ ਇਸਨੂੰ ਆਰ. ਐਸ. ਐਸ. ਮੁਸਲਮ ਲੀਗ ਅਤੇ ਜਮਾਇਤੇ ਇਸਲਾਮੀ ਨਾਲ ਮੇਲਣਾ ਸਰਾਸਰ ਅਗਿਆਨਤਾ ਦਾ ਪ੍ਰਗਟਾਵਾ ਹੈ। ਅਕਾਲੀ ਪਾਰਟੀ ਸਰਨਾਏਦਾਰ ਜਗੀਰਦਾਰਾਂ, ਧਨੀ ਕਿਸਾਨੀ ਅਤੇ ਸਿੱਖ ਕੌਮੀ ਸਰਮਾਏਦਾਰੀ ਦੀ ਰਾਜਸੀ ਪ੍ਰਤੀਨਿੱਧਤਾ ਕਰਦੀ ਹੈ। ਇਸਦੇ ਨਾਲ ਹੀ ਇਹ ਘੱਟ ਗਿਣਤੀ ਸਿਖ ਧਰਮ ਦੇ ਲਕਾਂ ਦੀ ਧਾਰਮਿਕ ਪਾਰਟੀ ਹੈ, ਜੋ ਸਿੱਖ ਧਰਮ ਦੀਆਂ ਸਮੱਸਿਆਵਾਂ ਨੂੰ ਲੈ ਕੇ ਲੜਦੀ ਹੈ। ਇਸ ਦੀ ਕੇਂਦਰ ਨਾਲ ਲੜਾਈ ਮੁੱਖ ਤੌਰ ਤੇ ਆਰਥਕ ਅਤੇ ਰਾਜਨੀਤਕ ਲੜਾਈ ਹੈ, ਜੀਹਦੇ ਲਈ ਇਹ ਆਪਣੇ ਸਿੱਖਾਂ ਵਿਚਲੇ ਧਾਰਮਕ ਅਧਾਰ ਨੂੰ ਵਰਤਦੀ ਹੈ। ਇੱਥੇ ਸਾਨੂੰ ਫਿਰਕੂ ਪਾਰਟੀ ਅਤੇ ਧਾਰਮਕ ਪਾਰਟੀ ਦੇ ਫ਼ਰਕ ਨੂੰ ਸਮਝਣਾ ਚਾਹੀਦਾ ਹੈ। ਧਾਰਮਕ ਪਾਰਟੀ ਤੋਂ ਸਾਡਾ ਭਾਵ ਉਸ ਪਾਰਟੀ ਤੋਂ ਹੈ ਜਿਹੜੀ ਸਿਰਫ਼ ਧਾਰਮਕ ਮਸਲਿਆਂ ਲਈ ਲੜਦੀ ਹੈ ਅਤੇ ਕਿਸੇ ਖਾਸ ਧਰਮ ਦੀ ਰੱਖਿਆ ਅਤੇ ਫੈਲਾਓ ਲਈ ਕੰਮ ਕਰਦੀ ਹੈ। ਨਾਲ ਹੀ ਦੂਜੇ ਧਰਮ ਵਲੋਂ ਪੇਸ਼ ਖਤਰਿਆ ਵਿਰੁੱਧ ਸੰਘਰਸ਼ ਕਰਦੀ ਹੈ। ਪਰ ਜਦੋਂ ਇਹੋ ਪਾਰਟੀ ਕਿਸੇ ਦੂਜੇ ਧਰਮ ਦੀ ਕੀਮਤ ਉੱਤੇ ਆਪਣੇ ਧਰਮ ਨੂੰ ਮਹਾਨ ਅਤੇ ਇਕੋ ਇਕ ਮੁਕਤੀਦਾਤਾ ਦੱਸਦੀ ਅਤੇ ਦੂਜੇ ਧਰਮ ਦੇ ਖਿਲਾਫ਼ ਨਫ਼ਰਤ ਫੈਲਾਉਂਦੀ ਹੈ ਤਾਂ ਫਿਰਕੂ ਪਾਰਟੀ ਵਿਚ ਤਬਦੀਲ ਹੋ ਜਾਂਦੀ ਹੈ। ਇਸ ਸੰਦਰਭ ਵਿਚ ਆਰ. ਐਸ. ਐਸ. ਅਤੇ ਜਮਾਇਤੇ ਇਸਲਾਮੀ ਨਿਰੋਲ ਫਿਰਕੂ ਪਾਰਟੀਆਂ ਹਨ। ਅਕਾਲੀ ਦਲ ਧਾਰਮਕ ਪਾਰਟੀ ਦੇ ਨਾਲ ਨਾਲ, ਇਕ ਖਾਸ ਹੱਦ ਤੱਕ ਫਿਰਕੂ ਪਾਰਟੀ ਹੈ। ਇਸਦਾ ਫਿਰਕੂ ਪੈਂਤੜਾ, ਇਸਦੇ ਵਿਰੋਧ ਵਿਚ ਖੜਣ ਵਾਲੇ ਦੂਜੇ ਹਿੰਦੂ ਅਤੇ ਸਿੱਖ ਫਿਰਕਾਪ੍ਰਸਤਾਂ ਤੋਂ ਆਪਣੀ ਰਾਖੀ ਕਰਨਾ ਹੀ ਹੁੰਦਾ ਹੈ। ਇਸ ਦਾ ਸਭ ਤੋਂ ਭਾਰੂ ਪੱਖ ਰਾਜਨੀਤਕ-ਆਰਥਕ ਪਾਰਟੀ ਹੋਣਾ ਹੈ, ਜੋ ਇਸਦੇ ਧਾਰਮਕ ਅਤੇ ਫਿਰਕੂ ਪੱਖ ਨੂੰ ਕੰਟਰੋਲ ਕਰਦਾ ਹੈ।

ਤੁਹਾਡੇ ਕਹਿਣ ਮੁਤਾਬਕ "ਫਿਰਕੂ ਤਾਕਤਾਂ ਹਾਕਮ ਜਮਾਤਾਂ ਦਾ' ਸਿਰਫ਼ ਇਕ 'ਤਬਕਾ' ਹੀ ਨਹੀਂ ਸਗੋਂ ਇਹ ਗੈਰ-ਹਾਕਮ ਜਮਾਤਾਂ ਵਿਚ ਵੀ ਕਾਰਜਸ਼ੀਲ ਹਨ। ਹਾਕਮ ਜਮਾਤਾਂ ਦਾ ਸਿਰਫ਼ ਇੱਕ ਤਬਕਾ ਹੀ ਫਿਰਕੂ ਪਾਰਟੀਆਂ ਨੂੰ ਨਹੀਂ ਵਰਤਦਾ, ਸਗੋਂ ਸਮੁੱਚੀਆਂ ਹਾਕਮ ਜਮਾਤਾਂ ਅਤੇ ਸਾਮਰਾਜੀ ਸ਼ਕਤੀਆਂ ਵੀ ਫਿਰਕੂ ਤਾਕਤਾਂ ਅਤੇ ਫਿਰਕੂ ਪਾਰਟੀਆਂ ਨੂੰ ਵਰਤਦੀਆਂ ਹਨ। ਜੇ ਅਸੀਂ ਅਕਾਲੀ ਪਾਰਟੀ ਨੂੰ ਨਿਰੋਲ ਫਿਰਕੂ ਪਾਰਟੀ ਮੰਨ ਲਈਏ ਤਾਂ ਪੰਜਾਬ ਵਿਚ ਫਿਰਕੂ ਤਾਕਤਾਂ ਹਾਕਮ ਜਮਾਤਾਂ ਦਾ ਉਹ ਕਿਹੜਾ ਤਬਕਾ ਹੈ, ਜੀਹਦੇ ਹਿੱਤ ਅਕਾਲੀ ਪਾਰਟੀ ਪੂਰਦੀ ਹੈ ? ਕੋਈ ਵਿਆਖਿਆ ਨਹੀਂ।

ਇਹ ਸਾਥੀ ਇਹ ਦਾਅਵਾ ਵੀ ਕਰਦੇ ਹਨ, ਅਖੇ ਜੀ ! ਭਾਰਤ ਦਾ ਸੰਵਿਧਾਨ ਧਰਮ ਦੇ ਅਧਾਰ 'ਤੇ ਕੋਈ ਭੇਦ ਭਾਵ ਜਾਂ ਛੋਟ ਨਹੀਂ ਦਿੰਦਾ। ਇਸੇ ਗੱਲ 'ਚੋਂ ਹੀ ਇਹ ਸਿਟਾ ਕੱਢਿਆ ਗਿਆ ਹੈ ਕਿ ਭਾਰਤੀ ਸਟੇਟ ਫਿਰਕੂ ਨਹੀਂ, ਸਗੋਂ ਇਸ ਦੇ 'ਕੁਝ ਕੁ' ਨਮਾਇੰਦੇ ਹੀ ਫਿਰਕਾਪ੍ਰਸਤੀ ਦੀ ਬੀਮਾਰੀ ਤੋਂ ਮੁਕਤ ਹਨ। ਚਲੋ ਖੈਰ !

ਮਿਤਰੋ ! ਭਾਰਤੀ ਸੰਵਿਧਾਨ ਦੀਆਂ ਨਜ਼ਰਾਂ ਵਿਚ ਤਾਂ ਸੇਠ ਬਿਰਲਾ ਅਤੇ ਸਾਡੇ ਸ਼ਹਿਰ ਦਾ ਰਾਮੂ ਭੰਗੀ ਅਤੇ ਪਿੰਡ ਦਾ ਰੁਲਦੂ ਸੀਰੀ ਵੀ ਬਰਾਬਰ ਹਨ। ਸੰਵਿਧਾਨ ਇਨ੍ਹਾਂ ਸਾਰਿਆਂ ਦੀ ਇਕੋ ਜਿੰਨੀ ਰਾਖੀ ਕਰਦਾ ਹੈ। ਕੀ ਇਹ ਵਾਕਈ ਦਰੁਸਤ ਹੈ ? ਸੰਵਿਧਾਨ ਤਾਂ ਭਾਰਤੀ ਨਾਗਰਿਕਾਂ ਨੂੰ ਬਹੁਤ ਸਾਰ ਜਮਹੂਰੀ ਅਧਿਕਾਰ' ਵੀ ਦਿੰਦਾ ਹੈ ਕਿ ਅਸੀਂ ਹੁਣ ਇਹ ਵੀ ਮੰਨ ਲਈਏ ਕਿ ਭਾਰਤ ਇਕ ਜਮਹੂਰੀ ਦੇਸ਼ ਹੈ ?

ਦੋਸਤੋ ! ਸੰਵਿਧਾਨ ਤਾਂ ਲੁਟੇਰੀਆਂ ਹਾਕਮ ਜਮਾਤਾਂ ਦੇ ਹੱਥ 'ਮੋਮ ਦਾ ਨੱਕ' ਹੈ, ਜਿਸ ਨੂੰ ਜਦੋਂ ਚਾਹੁਣ ਜਿਧਰ ਮਰਜ਼ੀ ਮੋੜ ਲੈਣ। ਅਖੌਤੀ ਧਰਮ ਨਿਰਪੱਖ ਭਾਰਤੀ ਰਾਜ ਕਿਸੇ ਤਰ੍ਹਾਂ ਵੀ ਜਮਹੂਰੀ ਅਤੇ ਅਫਿਰਕੂ ਰਾਜ ਨਹੀਂ ਸਗੋਂ ਗੈਰ-ਜਮਹੂਰੀ ਅਤੇ ਫ਼ਿਰਕੂ ਰਾਜ ਹੈ।

ਸਾਡਾ ਪਹਿਲੀ ਵਾਰ ਇਸ 'ਨਵੀਨ' ਧਾਰਣਾ ਨਾਲ ਵਾਹ ਪਿਆ ਹੈ ਕਿ 'ਫਿਰਕਾਪ੍ਰਸਤੀ ਰਾਜ ਵਿਵਸਥਾ ਅਤੇ ਉਸ ਦੇ ਸਹਿਭਾਗਾਂ ਵਿਚ ਹੈ ਤੇ ਇਸ ਲਈ ਜੇ ਸਟੇਟ ਦਾ ਖਾਸਾ ਮੁਢੋਂ ਹੀ ਬਦਲ ਦਿੱਤਾ ਜਾਵੇ ਤਾਂ ਫ਼ਿਰਕਾਪ੍ਰਸਤੀ ਦੀ ਸਮੱਸਿਆ ਆਪਣੇ ਆਪ ਖਤਮ ਨਹੀਂ ਹੋ ਜਾਵੇਗੀ।' ਇਹ ਤਾਂ ਅਦਭੁਤੀ ਖੋਜ ਹੈ। ਸੱਜਣੋ ! ਕੀ ਰਾਜ ਵਿਵਸਥਾ ਅਤੇ ਉਸ ਦੇ ਸਹਿਭਾਗ ਸਟੇਟ ਦਾ ਅੰਗ ਹਨ ਕਿ ਉਸ ਤੋਂ ਬਿਲਕੁਲ ਅਜ਼ਾਦ ? ਜਦੋਂ ਅਸੀਂ ਮੌਜੂਦਾ ਸਟੇਟ ਭੰਨ ਕੇ ਇਸ ਦੀ ਥਾਂ ਇਕ ਬਿਲਕੁਲ ਹੀ ਨਵੀਂ ਸਟੇਟ ਜਿਹੜੀ ਲਾਜ਼ਮੀ ਹੀ ਲੋਕ-ਜਮਹੂਰੀ ਸਟੇਟ (ਸਮਾਜਵਾਦੀ) ਹੋਵੇਗੀ ਤਾਂ ਰਾਜ ਵਿਵਸਥਾ ਅਤੇ ਉਸ ਦੇ ਸਹਿਭਾਗ ਉਹੀ ਕਿਵੇਂ ਰਹਿ ਜਾਣਗੇ ? ਜਦੋਂ ਰਾਜ ਅਤੇ ਰਾਜ ਵਿਵਸਥਾ ਹੀ ਨਾ ਰਹੀ ਤਾਂ ਉਸ ਵਿਚਲੀ ਫਿਰਕਾਪ੍ਰਸਤੀ ਕਿਵੇਂ ਰਹਿ ਜੂਗੀ ? ਅਸਲ ਵਿਚ ਇਥੇ ਤੁਸੀਂ ਰਾਜ ਬਦਲਣ ਦੇ ਸੰਕਲਪ ਨੂੰ ਸਰਕਾਰ ਬਦਲਣ ਦੇ ਸੰਕਲਪ ਨਾਲ ਰਲਗਡ ਕਰ ਰਹੇ ਹੋ। ਜੋ ਠੀਕ ਨਹੀਂ।

ਫ਼ਿਰਕਾਪ੍ਰਸਤੀ ਉਦੋਂ ਹੀ ਜਨਮ ਲੈਂਦੀ ਹੈ ਜਦੋਂ ਕਿਸੇ ਧਰਮ, ਨਸਲ ਜਾਂ ਜਾਤ ਵਲੋਂ ਦੂਜੇ ਧਰਮ, ਨਸਲ ਜਾ ਜਾਤ ਨਾਲ ਵਿਤਕਰਾ ਅਤੇ ਧੱਕਾ ਕੀਤਾ ਜਾਂਦਾ ਹੈ। ਇਹ ਵਿਤਕਰਾ ਕੁੱਦਰ ਕਿਸਮ ਦਾ ਵੀ ਹੋ ਸਕਦਾ ਹੈ ਅਤੇ ਸੂਖ਼ਮ ਵੀ। ਰਾਜ ਦਾ ਖਾਸਾ ਤਬਦੀਲ ਹੋ ਜਾਣ ਨਾਲ ਉਹ ਅਲਾਮਤਾ ਵੀ ਖਤਮ ਹੋ ਜਾਣਗੀਆਂ ਕਿਉਂਕਿ ਰਾਜ ਕਿਸੇ ਖਾਸ ਦਿਨ ਜੁਆਹ ਦੀ ਚੁਟਕੀ ਨਾਲ ਤਬਦੀਲ ਨਹੀਂ ਹੋਣਾ ਸਗੋਂ ਲੋਕਾਂ ਦੇ ਇਕਮੁੱਠ ਅਤੇ ਲੰਬੇ ਜਮਾਤੀ ਘੋਲ ਵਿਚੋਂ ਹੀ ਤਬਦੀਲ ਹੋਣਾ ਹੈ। ਨਵੇਂ ਸਮਾਜ ਵਿਚ ਲੋਕਾਂ ਦਾ ਵੱਖ ਵੱਖ ਧਰਮਾਂ ਵਿਚ ਵਿਸ਼ਵਾਸ਼ ਤਾਂ ਰਹਿ ਸਕਦਾ ਹੈ ਪਰ ਉਸ ਵਿਚ ਇਕ ਧਰਮ ਵਲੋਂ ਦੂਜੇ ਧਰਮ ਨਾਲ ਵਿਤਕਰਾ ਨਾ ਹੋਣ ਕਾਰਣ ਫਿਰਕਾਪ੍ਰਸਤੀ ਦੀ ਸਮੱਸਿਆ ਨਹੀਂ ਰਹੇਗੀ।

ਅੱਜ ਸਮਾਜ ਦੇ ਵੱਖ ਵੱਖ ਵੇਰਗਾਂ ਵਿਚ ਜੇਕਰ ਫਿਰਕਾਪ੍ਰਸਤੀ ਦੀ ਅਪੀਲ ਹੈ ਤਾਂ ਉਸ ਦਾ ਕਾਰਣ ਸਾਡੇ ਸਮਾਜ ਵਿਚ ਫਿਰਕਾਪ੍ਰਸਤੀ ਦਾ ਸਮਾਜੀ-ਆਰਥਕ ਅਧਾਰ ਹੋਣਾ ਹੈ। ਇਹ ਵੀ ਬੜੀ ਸਤਹੀ ਸੋਚ ਹੈ ਕਿ 'ਪੰਜਾਬੀ ਖੇਤ ਮਜ਼ਦੂਰਾਂ ਵਿਚ 'ਵਖਵਾਦ' ਦੀ ਮੰਗ ਦੀ ਅਪੀਲ ਹੈ ਕਿਉਂਕਿ ਪ੍ਰਵਾਸੀ ਮਜ਼ਦੂਰਾਂ ਦੇ ਆਉਣ ਨਾਲ ਉਨ੍ਹਾਂ ਦੀ ਦਿਹਾੜੀ ਤੇ ਅਸਰ ਪੈਂਦਾ ਹੈ।'' ਭਲਾ ਇਥੇ ਵੱਖਵਾਦ ਕਿਧਰੋਂ ਆ ਵੜਿਆ। ਪੰਜਾਬੀ ਖੇਤ ਮਜ਼ਦੂਰਾਂ ਵਿਚ ਵੱਖਵਾਦ ਦੀ ਭਾਵਨਾ ਦੀ ਤਾਂ ਗੱਲ ਹੀ ਛੱਡੋ, ਉਨ੍ਹਾਂ ਨੇ ਤਾਂ ਅਕਾਲੀ ਦਲ ਦੀ ਕਿਸੇ ਐਜੀਟੇਸ਼ਨ ਵਿਚ ਹਿਸਾ ਵੀ ਨਹੀਂ ਲਿਆ। ਪੰਜਾਬੀ ਖੇਤ ਮਜ਼ਦੂਰ ਪਰਵਾਸੀ ਮਜ਼ਦੂਰਾਂ ਦੀ ਆਮਦ 'ਤੇ ਇੰਨਾ ਔਖਾ ਨਹੀਂ, ਜਿੰਨਾ ਉਨ੍ਹਾਂ ਵਲੋਂ ਘੱਟ ਦਿਹਾੜੀ ਉੱਪਰ ਕੰਮ ਕਰਨ 'ਤੇ।

ਸਾਡੇ ਇਹ ਦੋਸਤ ਲਿਖਦੇ ਹਨ ਕਿ 'ਜੇਕਰ ਅਸੀਂ ਫੌਜੀ ਦਾਖਲੇ ਨੂੰ ਜਮਹੂਰੀਅਤ ਉੱਤੇ ਛਾਪਾ ਕਹਿੰਦੇ ਹਾਂ ਤਾਂ ਇਸ ਦੀ ਸੁਖਾਲੇ ਹੀ ਵਿਆਖਿਆ ਸਿੱਖ ਧਾਰਮਕ ਫਿਰਕੇ ਦੇ ਹੱਕਾਂ 'ਤੇ ਛਾਪੇ ਦੀ ਹੋ ਨਿਬੜਦੀ ਹੈ। ਇਹ ਬਿਲਕੁਲ ਗਲਤ ਧਾਰਨਾ ਹੈ। ਜਦੋਂ ਅਸੀਂ ਫੌਜੀ ਦਾਖਲੇ ਨੂੰ ਸਮੁੱਚੀ ਜਮਹੂਰੀ ਲਹਿਰ ਉੱਪਰ ਹਮਲਾ ਸਮਝਦੇ ਹਾਂ ਤਾਂ ਇਹ ਸਿਰਫ ਸਿੱਖ ਫਿਰਕੇ ਉਪਰ ਹਮਲੇ ਦੀ ਗੱਲ ਕਿਵੇਂ ਹੋ ਜਾਵੇਗੀ ? ਪੰਜਾਬ ਵਿਚ ਫੌਜੀ ਦਾਖਲੇ ਨਾਲ ਸਿਰਫ ਸਿੱਖਾਂ ਉੱਪਰ ਹੀ ਜਬਰ ਨਹੀਂ ਢਾਹਿਆ ਗਿਆ ਸਗੋਂ ਸਮੁੱਚੇ ਪੰਜਾਬੀ ਲੋਕ ਇਸ ਹਮਲੇ ਦਾ ਸ਼ਿਕਾਰ ਹੋਏ ਹਨ। ਪਿਛਲੇ ਤਿੰਨ ਮਹੀਨਿਆਂ ਦੌਰਾਨ 'ਸੁਰੱਖਿਆ ਸੈਨਾ' ਨੇ ਸੁਰੱਖਿਆ ਦੇ ਨਾਂ ਹੇਠ ਜੋ ਧੱਕੇਸ਼ਾਹੀ ਅਤੇ ਲੁੱਟਮਾਰ ਕੀਤੀ ਹੈ, ਹੌਲੀ ਹੌਲੀ ਨੰਗੀ ਹੋ ਰਹੀ ਹੈ। ਫੌਜੀ ਹਮਲੇ ਦੀ ਆੜ ਹੇਠ ਸਮੁੱਚੀ ਲੋਕਾਈ, ਇਨਕਲਾਬੀ-ਜਮਹੂਰੀ ਜਥੇਬੰਦੀਆਂ ਅਤੇ ਕਿਸਾਨ ਯੂਨੀਅਨ ਦੇ ਕਾਰਕੁੰਨਾਂ ਉੱਪਰ ਤਸ਼ੱਦਦ ਢਾਹਿਆ ਜਾ ਰਿਹਾ ਹੈ। ਇਸ ਜਬਰ ਦੇ ਖਿਲਾਫ਼ ਅਵਾਜ਼ ਨੂੰ ਸਿੱਖ ਹੱਕਾਂ ਤੇ ਛਾਪੇ ਵਿਰੁੱਧ ਅਵਾਜ਼ ਨਾਲ

ਕਿਵੇਂ ਮੇਲਿਆ ਜਾ ਸਕਦਾ ਹੈ ?

ਇਸ ਤੋਂ ਇਲਾਵਾ ਜਦੋਂ ਕਿਸੇ ਖਾਸ ਫਿਰਕੇ ਦੇ ਲੋਕਾਂ ਉੱਪਰ ਹਮਲਾ ਹੋਵੇ ਅਤੇ ਉਸ ਦੇ ਹੱਕਾਂ ਨੂੰ ਦਰੜਿਆ ਜਾ ਰਿਹਾ ਹੋਵੇ ਤਾਂ ਜਮਹੂਰੀਅਤ ਪਸੰਦਾਂ ਨੂੰ ਉਸ ਦੇ ਖਿਲਾਫ਼ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਜਦੋਂ ਅਸੀਂ ਕਿਸੇ ਵੀ ਜਬਰ ਕਰਨ ਵਾਲੀ ਸ਼ਕਤੀ ਦੇ ਖਿਲਾਫ਼ ਅਵਾਜ਼ ਉਠਾਵਾਂਗੇ ਤਾਂ ਉਹ ਉਸਦਾ ਵਧ ਸ਼ਿਕਾਰ ਹੋਣ ਵਾਲੇ ਤਬਕੇ ਦੇ ਹੱਕ ਵਿਚ ਤਾਂ ਜਾਵੇਗੀ ਹੀ, ਭਾਵੇਂ ਉਹ ਸਿੱਖ ਹੋਣ ਜਾਂ ਹਿੰਦੂ। ਇਹ ਉਸਦੇ ਹੱਕ ਵਿਚ ਜਾਣੀ ਹੀ ਚਾਹੀਦੀ ਹੈ। ਇਸ ਤੋਂ ਇਲਾਵਾ ਜੇ ਘੱਟ ਗਿਣਤੀ ਧਰਮ ਦੀਆਂ ਸਮੱਸਿਆਵਾਂ ਅਤੇ ਉਸ ਦੀ ਜੜ੍ਹ ਬਾਰੇ ਸਾਡੇ ਕੋਲ ਵਿਗਿਆਨਕ ਸਮਝ ਹੈ ਤਾਂ ਸਾਡੀ ਪਹੁੰਚ ਕਿਸੇ ਖਾਸ ਧਰਮ ਜਾਂ ਲੋਟੂ ਜਮਾਤ ਦੇ ਪੱਖ ਵਿਚ ਭੁਗਤ ਹੀ ਨਹੀਂ ਸਕਦੀ। ਸਾਡੀ ਪਹੁੰਚ ਗਲਤ ਅਤੇ ਠੀਕ ਵਿਚਕਾਰ ਨਿਖੇੜੇ ਦੇ ਅਧਾਰ ਤੇ ਹੀ ਹੋਵੇਗੀ।

ਜਿਥੋਂ ਤਕ ਜਮਹੂਰੀ ਚੇਤਨਾ ਦਾ ਸਬੰਧ ਹੈ। ਇਹ ਸਿਰਫ ਪ੍ਰਚਾਰ ਨਹੀਂ ਫੈਲ ਸਕਦੀ,. ਸਗੋਂ ਜਮਹੂਰੀ ਹੱਕਾਂ ਉੱਪਰ ਪੈਂਦੇ ਛਾਪਿਆਂ ਦੇ ਵਿਰੁੱਧ ਜਨਸਮੂਹ ਦੀ ਲਾਮਬੰਦੀ ਕਰਕੇ ਹੀ ਵਧਾਈ ਜਾ ਸਕਦੀ ਹੈ। ਜਮਹੂਰੀਅਤ ਦੀ ਲੜਿਰ ਜਮਾਤੀ ਘੋਲ ਨਾਲ ਜੁੜੀ ਹੋਈ ਹੈ। ਜਮਾਤੀ ਘੋਲਾਂ ਦੇ ਵਿਕਾਸ ਨਾਲ ਜਮਹੂਰੀ ਲਹਿਰ ਅਤੇ ਜਮਹੂਰੀ ਚੇਤਨਾ ਵੀ ਵਿਕਸਤ ਹੁੰਦੀ ਹੈ।

ਸਾਡੀ ਇਸ ਟਿਪਣੀ ਦਾ ਦੂਜਾ ਵਿਸ਼ਾ ਗੁਰਸ਼ਰਨ ਸਿੰਘ ਸੇਖੋਂ ਦਾ ਇਹ ਵਿਚਾਰ ਹੈ ਕਿ "ਪੰਜਾਬ ਵਿਚ ਲੋਕ-ਸੰਘਰਸ਼ ਨੂੰ 'ਗੁਰੂ ਦਾ ਸਿੱਖ' ਬਣ ਕੇ ਹੀ ਅੱਗੇ ਲਿਜਾਇਆ ਜਾ ਸਕਦਾ ਹੈ।" ਸਭ ਤੋਂ ਪਹਿਲਾਂ ਸਾਡਾ ਸਵਾਲ ਹੈ ਕਿ ਸਾਨੂੰ ਕਿਹੋ ਜਿਹਾ 'ਗੁਰ ਦਾ ਸਿੱਖ' ਹੋਣਾ ਚਾਹੀਦਾ ਹੈ ? 'ਗੁਰੂ ਦਾ ਸਿੱਖ' ਬਣਨ ਤੋਂ ਹੀ ਕੀ ਭਾਵ ਹੈ ? ਮਧਯੁਗ ਵਿਚ, ਪੰਜਾਬ ਵਿਚ ਸਿੱਖ ਗੁਰੂਆਂ ਦੀ ਅਗਵਾਈ ਹੇਠ ਮੁਗ਼ਲ ਜਗੀਰਦਾਰੀ ਅਤੇ ਮੁਗਲ ਹਾਕਮਾਂ ਦੇ ਖਿਲਾਫ਼ ਇਕ ਅਗਾਂਹ-ਵਧੂ ਸਿੱਖ ਲਹਿਰ ਚੱਲੀ, ਜਿਸ ਨੇ ਉਸ ਵੇਲੇ ਦੀਆਂ ਮਿਹਨਤੀ ਅਤੇ ਦੱਬੀਆਂ ਕੁਚਲੀਆਂ ਜਮਾਤਾਂ ਵਿਚ ਜਥੇਬੰਦ ਹੋਣ ਅਤੇ ਲੜਣ ਲਈ ਨਵੀਂ ਰੂਹ ਭਰੀ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖ ਜਨਤਾ ਨੇ ਮੁਗਲ ਹਕੂਮਤ ਨੂੰ ਤਕੜੀ ਸੱਟ ਮਾਰੀ। ਅਠਾਰਵੀਂ ਸਦੀ ਵਿਚ ਮੁਗਲ ਸਲਤਨਤ ਦਾ ਨਾਸ਼ ਕਰਨ ਲਈ ਅੰਨੇ ਜਬਰ ਦੇ ਬਾਵਜੂਦ ਵੀ ਸਿੱਖ ਗੁਰੀਲਿਆਂ ਨੇ ਮੁਸ਼ਕਲ ਹਾਲਤਾਂ ਵਿਚ ਵੀ ਆਪਣਾ ਘੋਲ ਜਾਰੀ ਰੱਖਿਆ ਇਸ ਸਮੇਂ ਤੱਕ 'ਗੁਰੂ ਦੇ ਸਿੱਖਾਂ' ਕੋਲ ਆਪਣੀ ਜ਼ਮੀਨ ਜਾਇਦਾਦ ਨਹੀਂ ਸਿਰਫ਼ 'ਘੋੜੇ ਦੀ ਕਾਠੀ' ਹੀ ਉਨ੍ਹਾਂ ਦਾ ਘਰ ਸੀ। ਇਸ ਸਮੇਂ ਤੱਕ ਉਹ ਅਸਲੀ ਅਰਥਾਂ ਵਿਚ ਗੁਰੂ ਦੇ ਸਿੱਖ ਸਨ ਅਤੇ ਉਹ ਮਿਹਨਤੀ ਅਤੇ ਮਜ਼ਲੂਮ ਵਰਗ ਦੀ ਪ੍ਰਤੀਨਿਧਤਾ ਕਰਦੇ ਸਨ। ਪਰ ਜਿਉਂ ਹੀ ਉਨ੍ਹਾਂ ਨੇ ਅਜ਼ਾਦ ਇਲਾਕੇ ਕਾਇਮ ਕਰਨੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਮੁੱਠੀ ਭਰ ਸਿੱਖ ਸਰਦਾਰ ਅਗਾਂਹ ਵਧੂ ਸਿੱਖ ਲਹਿਰ ਅਤੇ ਲੜਾਕੂ ਸਿੱਖ ਸ਼ਕਤੀ ਨੂੰ ਵਰਤ ਕੇ ਖੁਦ ਜਗੀਰਦਾਰ ਅਤੇ ਰਜਵਾੜੇ ਬਣ ਬੈਠੇ ਤਾਂ ਉਹ ਆਪ ਹੀ ਲੋਟੂ ਜਮਾਤ ਵਿਚ ਤਬਦੀਲ ਹੋ ਗਏ। ਰਣਜੀਤ ਸਿੰਘ ਦਾ ਰਾਜਕਾਲ ਸਿੱਖ ਜਗੀਰੂ ਪ੍ਰਬੰਧ ਦੀ ਸਿਖ਼ਰ ਸੀ। ਜਿਹੜਾ ਕਿਸੇ ਗੱਲੋਂ ਵੀ ਮੁਗਲ ਜਗੀਰੂ ਪ੍ਰਬੰਧ ਅਤੇ ਲੁੱਟ ਖਸੁੱਟ ਨਾਲੋਂ ਤੱਤ ਰੂਪ ਵਿੱਚ ਵੱਖਰਾ ਨਹੀਂ।

ਹੁਣ ਸਵਾਲ ਉੱਠਦਾ ਹੈ ਕਿ 'ਗੁਰੂ ਦੇ ਸਿੱਖ ਬਣਨ' ਦਾ ਉਪਦੇਸ਼ਕ ਕਿਹੋ ਜਿਹੇ 'ਗੁਰੂ ਦੇ ਸਿੱਖ' ਦੀ ਕਲਪਨਾ ਕਰਦਾ ਹੈ ? ਜ਼ੁਲਮ ਦੇ ਖ਼ਿਲਾਫ਼ ਲੜਣ ਵਾਲੇ ਦੀ ਜਾਂ ਖੁਦ ਲੁੱਟ ਕਰਨ ਵਾਲੇ ਦੀ। ਅਸੀਂ ਭਿੰਡਰਾਂਵਾਲੇ, ਲੌਂਗੋਵਾਲ ਅਤੇ ਬਾਦਲ ਨੂੰ ਗੁਰੂ ਦਾ ਸਿੱਖ ਮੰਨੀਏ ਜਾਂ ਸਿੱਖ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਲੁੱਟ ਦਾ ਸ਼ਿਕਾਰ ਹੋਣ ਵਾਲੇ ਸਿੱਖ ਖੇਤ ਮਜ਼ਦੂਰ ਅਤੇ ਸਨਅਤੀ ਮਜ਼ਦੂਰ ਨੂੰ। ਮੁਸ਼ਕਲ ਘੜੀਆਂ ਵਿਚ ਗੁਰੂ ਨੂੰ 'ਬੇਦਾਵਾ' ਦੇਣ ਵਾਲੇ ਸਿੱਖ ਸਨ ਜਾਂ ਉਸਨੂੰ ਮੁਗਲ ਘੇਰੇ ਚੋਂ ਕੱਢਣ ਵਾਲੇ ਮੁਸਲਮਾਨ ਨਬੀ ਖਾਂ ਅਤੇ ਗਨੀ ਖਾਂ ?

ਸ੍ਰੀ ਮਾਨ ਜੀ ! ਇਤਿਹਾਸਕ ਤੌਰ ਤੇ ਵੀ ਵਿਗਿ-ਆਨਕ ਤਰੱਕੀ ਹੋਣ ਨਾਲ ਸਮਾਜ ਨੇ ਇਸ ਹੱਦ ਤੱਕ ਵਿਕਾਸ ਕਰ ਲਿਆ ਹੈ ਕਿ ਹੁਣ 'ਗੁਰੂ ਦਾ ਸਿੱਖ' ਅਠਾਰਵੀਂ ਸਦੀ ਵਾਲੇ ਤੌਰ ਤਰੀਕੇ ਅਪਣਾਕੇ ਭਾਰਤੀ ਰਾਜ ਦੇ ਖਿਲਾਫ਼ ਨਹੀਂ ਲੜ ਸਕਦਾ। ਅੱਜ ਲੋਟੂ ਹਿੰਦੂ ਮਾਨਸ ਤੇ ਲੋਟੂ ਸਿਖ ਮਾਨਸ ਵਿਚ ਕੋਈ ਫ਼ਰਕ ਨਹੀਂ ਰਿਹਾ। ਦੋਵੇਂ ਹੀ ਲੁੱਟ ਦਾ ਮਾਲ ਵੰਡਣ ਲਈ ਅਤੇ 'ਮਾਇਆ' ਇਕੱਠੀ ਕਰਨ ਲਈ ਝਗੜ ਰਹੇ ਹਨ। ਵਿਗਿਆਨਕ ਸਮਝ ਅਨੁਸਾਰ ਸਿੱਖ ਗੁਰੂਆਂ ਦੀ ਅਗਵਾਈ ਹੇਠ ਲੜਣਵਾਲੀ ਮਿਹਨਤੀ ਜਨਤਾ ਵਾਂਗ ਅੱਜਦੀ ਮਿਹਨਤੀ ਜਨਤਾ ਵੀ ਉਸੇ ਤਰ੍ਹਾਂ ਲੁੱਟ ਅਤੇ ਜਬਰ ਦਾ ਸ਼ਿਕਾਰ ਹੈ ਅਤੇ ਲੋਟੂ ਜਮਾਤ ਵਿਰੁਧ ਸੰਘਰਸ਼ ਕਰ ਰਹੀ ਹੈ।

ਭਾਈ ਗੁਰਮੁਖਾਂ ! ਅੱਜ ਦੇ ਵਿਗਿਆਨਕ ਯੁੱਗ ਵਿਚ ਮਾਰਕਵਾਦੀ-ਲੈਨਿਨਵਾਦੀ ਸਿਧਾਂਤ ਦੀ ਅਗਵਾਈ ਹੇਠ ਮਜ਼ਦੂਰ ਜਮਾਤ ਹੀ ਹੋਰ ਮਿਹਨਤਕਸ਼ ਤਬਕਿਆਂ ਨੂੰ ਇਕ-ਜੁੱਟ ਕਰਕੇ ਲੋਕ-ਸੰਘਰਸ਼ ਨੂੰ ਅੱਗੇ ਲਿਜਾ ਸਕਦੀ ਹੈ, ਨਾ ਕਿ 'ਗੁਰੂ ਦੇ ਸਿੱਖ'। ❁

# ਅਜੀਤ ਕੌਰ ਦੇ ਨਾਂ ਖੁੱਲ੍ਹਾ ਖ਼ਤ / ਦਿਲ ਤੋਂ ਦਿਮਾਗ ਤੱਕ ਦਾ ਸਫ਼ਰ

o

ਕੇ. ਐਲ. ਗਰਗ

ਆਰਸੀ, ਅਗਸਤ 1984 ਦੇ ਅੰਕ ਵਿਚ ਅਜੀਤ ਕੌਰ ਹੋਰਾਂ ਦਾ ਇਕ ਲੇਖ 'ਲਹੂ ਦੇ ਚੁਬੱਚੇ' ਛਪਿਆ ਸੀ। ਹਰਿਮੰਦਰ ਸਾਹਿਬ ਵਿਚ ਹੋਈ ਫੌਜੀ ਕਾਰਵਾਈ ਬਾਰੇ ਇਹ ਲੇਖਿਕਾ ਦਾ ਇਕ ਜਜ਼ਬਾਤੀ ਪ੍ਰਤੀਕਰਮ ਸੀ। ਪੰਜਾਬ ਦੇ ਸਾਹਿਤਕ ਹਲਕਿਆਂ ਵਿਚ ਇਸ ਲੇਖ ਦਾ ਕਾਫ਼ੀ ਨੋਟਿਸ ਲਿਆ ਗਿਆ। 1. 9. 1984 ਦੇ ਇੰਡੀਅਨ ਐਕਸਪ੍ਰੈਸ ਦੇ ਚੰਦੀਗੜ੍ਹ ਐਡੀਸ਼ਨ ਵਿਚ ਵੀ ਇਸ ਲੇਖ ਦਾ ਜ਼ਿਕਰ 'ਸਿਖ ਇਸਤਰੀ ਲੇਖਕਾਵਾਂ ਦੇ ਪ੍ਰਤੀਕਰਮ' ਦੇ ਸਿਰਲੇਖ ਥੱਲੇ ਆਇਆ। ਇਸੇ ਅਖਬਾਰ ਵਿਚ ਛਪੀਆਂ; ਬਾਅਦ ਦੀਆਂ ਕੁਝ ਚਿੱਠੀਆਂ ਵਿਚ ਇਸ ਸਿਰਲੇਖ ਉਤੇ ਇਤਰਾਜ਼ ਕੀਤਾ ਗਿਆ ਕਿ ਸਾਨੂੰ ਲੇਖਕਾਂ ਨੂੰ ਹਿੰਦੂ ਅਤੇ ਸਿਖ ਲੇਖਕਾਂ ਵਿਚ ਨਹੀਂ ਵੰਡਣਾ ਚਾਹੀਦਾ। ਲੇਖਕ ਬਸ ਲੇਖਕ ਹੀ ਹੁੰਦਾ ਹੈ। ਕੇ. ਐਲ. ਗਰਗ ਨੇ ਇਕ ਖੁਲ੍ਹਾ ਖੱਤ ਇਸ ਲੇਖ ਦੇ ਪ੍ਰਤੀਕਰਮ ਵਿਚ ਲਿਖਿਆ ਹੈ। ਲੇਖਕ ਦਾ ਕਹਿਣਾ ਹੈ ਕਿ ਇਹ ਖੱਤ ਉਸਨੇ ਆਰਸੀ ਵਾਲਿਆਂ ਨੂੰ ਭੇਜਿਆ ਸੀ ਪਰ ਉਹਨਾਂ ਨੇ ਵਾਪਸ ਕਰ ਦਿੱਤਾ। ਹਰਮੰਦਰ ਸਾਹਿਬ ਵਿਚ ਹੋਏ ਦੁਖਾਂਤ ਨੂੰ ਸਮੁੱਚੇ ਪੰਜਾਬ ਦੇ ਦੁਖਾਤ ਤੋਂ ਬਾਹਰ ਨਾ ਵੇਖਿਆ ਜਾਏ, ਇਸ ਧਾਰਨਾ ਨੂੰ ਮੁੱਖ ਰੱਖਦੇ ਹੋਏ ਲੇਖਕ ਦੇ ਇਸ ਖੁਲ੍ਹੇ ਖੱਤ ਨੂੰ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਡੱਬੀਆਂ ਵਿਚ ਮੌਲਕ ਲੇਖ ਦੇ ਕੁਝ ਅੰਸ਼ ਵੀ ਪਾਠਕਾਂ ਦੀ ਜਾਣਕਾਰੀ ਲਈ ਦੇ ਰਹੇ ਹਾਂ /ਸੰਪਾਦਕ

ਅਜੀਤ ਕੌਰ ਜੀ,

ਤੁਹਾਡਾ ਲੇਖ 'ਲਹੂ ਦੇ ਚੁਬੱਚੇ' ਆਰਸੀ 'ਚ ਪੜ੍ਹਿਆ : ਕੁਝ ਨੁਕਤੇ ਤੁਹਾਡੇ ਤੇ ਪੰਜਾਬੀ ਦੇ ਬਾਕੀ ਅਦੀਬਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ—ਆਬਜੈਕਟਿਵ ਦ੍ਰਿਸ਼ਟੀ-ਕੋਣ ਤੋਂ—ਉਹਦੇ 'ਚ ਤੁਹਾਡੇ ਲੇਖ ਵਾਂਗ ਜਜ਼ਬਾਤੀ ਦ੍ਰਿਸ਼ਟੀਕੋਣ ਲਈ ਕੋਈ ਥਾਂ ਨਹੀਂ ਹੋਵੇਗੀ।

ਇਸ ਜਾਂ ਇਸ ਵਰਗੇ ਕਿਸੇ ਵੀ ਹੋਰ ਲੇਖ ਦਾ ਜਵਾਬ ਲਿਖਣ ਲਈ ਕਾਫ਼ੀ ਸਾਵਧਾਨ ਰਹਿਣ ਦੀ ਲੋੜ ਪੈਂਦੀ ਹੈ। ਇਕ ਖਾਸ ਕਿਸਮ ਦੇ ਲੋਕ ਆਪਣੇ ਹੱਥਾਂ ਵਿਚ ਠੱਪੇ ਲਈ ਫਿਰਦੇ ਨੇ। ਜਦੋਂ ਵੀ ਕੋਈ ਅਜਿਹੇ ਵਾਦ-ਵਿਵਾਦ ਵਿਚ ਪੈਣ ਦੀ ਨਿਮਾਨੀ ਜਿਹੀ ਕੋਸ਼ਿਸ਼ ਕਰਦਾ ਹੈ ਉਹਦੀ ਪਿੱਠ ਤੇ ਇਕ ਜਾਂ ਦੂਜੀ ਕਿਸਮ ਦਾ ਠੱਪਾ ਲਾ ਕੇ ਉਸ ਨੂੰ ਇਕ ਵਿਸ਼ੇਸ਼ ਫ਼ਿਰਕੇ ਤੇ ਖਾਨੇ 'ਚ ਤਾੜ ਦਿਤਾ ਜਾਂਦਾ ਹੈ ਤੇ ਉਹਦੀ ਵਿਚਾਰੇ ਦੀ ਹਾਲਤ ਚਿੜੀਆ ਘਰ ਦੇ ਪਿੰਜਰੇ 'ਚ ਬੈਠੇ ਬਾਂਦਰ ਵਰਗੀ ਹਾਸੋਹੀਣੀ ਹੋ ਜਾਂਦੀ ਹੈ।

ਗ੍ਰੀਕ ਟਰੈਜਿਡੀ ਬਲੂ ਸਟਾਰ ਐਕਸ਼ਨ ਤੋਂ ਹੀ ਸ਼ੁਰੂ ਨਹੀਂ ਹੋਈ ਇਸ ਤੋਂ ਵੀ ਪਹਿਲਾਂ ਪੰਜਾਬ 'ਚ ਸ਼ੁਰੂ ਹੋ ਚੁੱਕੀ ਸੀ। ਤੇ ਉਹਦੇ ਵੱਖ ਵੱਖ ਕਾਂਡ ਅੱਡ ਅੱਡ ਥਾਵਾਂ ਤੇ ਨਾਵਾਂ ਨਾਲ ਪੇਸ਼ ਕੀਤੇ ਗਏ ਸਨ। ਪੰਜਾਬ 'ਚ ਦੋ ਢਾਈ ਵਰ੍ਹੇ ਜੋ ਕੁਝ ਹੁੰਦਾ ਰਿਹਾ ਉਸ ਵਾਰੇ ਪੰਜਾਬ 'ਚ ਰਹਿਣ ਵਾਲਾ ਬੰਦਾ ਹੀ ਆਪਣੇ ਵਿਚਾਰ ਪਰਗਟ ਕਰਨ ਦਾ ਹੱਕ ਰਖਦਾ ਹੈ, ਜਿਸ ਨੇ ਮਾਰੂ ਧੁੱਪਾਂ ਆਪਣੇ ਪਿੰਡੇ ਜਰੀਆਂ ਹੋਣ। ਉਹ ਪੰਜਾਬੀ ਹੀ ਆਪਣੇ ਦਰਦ ਨੂੰ ਚੰਗੀ ਤਰ੍ਹਾਂ ਬਿਆਨ ਕਰ ਸਕਦਾ ਹੈ ਜਿਸਨੇ ਇਹ ਸਾਰਾ ਕਠੋਰ ਯਥਾਰਥ ਆਪ ਭੋਗਿਆ ਹੋਵੇ। ਇੰਗਲੈਂਡ, ਕੈਨੇਡਾ, ਅਮਰੀਕਾ ਜਾਂ ਦਿੱਲੀ ਦੇ ਬੀਅਰ ਬਾਰਾਂ 'ਚ ਬਹਿ ਕੇ ਪੰਜਾਬ ਬਾਰੇ ਜਜ਼ਬਾਤੀ ਲੈਕਚਰ ਝਾੜਣੇ ਹੋਰ ਗੱਲ ਹੈ ਤੇ ਪੰਜਾਬ ਦੀ ਨਿੱਘਰੀ ਹਾਲਤ ਤੇ ਗੰਭੀਰ ਡਾਇਲਾਗ ਛੇੜਣਾ ਹੋਰ ਗੱਲ ਹੈ। ਹੱਥ ਵਿਚ ਜਿੰਨ ਦਾ ਗਲਾਸ ਫੜ੍ਹ ਕੇ ਖਪਤ ਕਲਚਰ ਦਾ ਸੁਆਦ ਮਾਣਦੇ ਹੋਏ ਖ਼ਾਲਿਸਤਾਨੀ ਤਮਾਸ਼ੇ ਦੀ ਰੀਲ ਵੀ. ਸੀ. ਆਰ. ਤੇ ਚੜ੍ਹਾ ਦੇ ਵੇਖਣਾ ਬੜੀ ਰੋਮਾਂਟਿਕ ਘੜੀ ਹੁੰਦੀ ਸੀ (ਜਿਸ 'ਚ ਪੰਜਾਬ ਤੋਂ ਬਾਹਰ ਬੈਠੇ ਬੰਦੇ ਦਾ ਇਕ ਪਰਸੈਂਟ ਵੀ ਰਿਸਕ ਨਹੀਂ ਸੀ)। ਨਵਾਬ ਵੀ ਕੁਝ ਪੈਸੇ ਦੇ ਕੇ ਕੁੱਕੜਾਂ, ਭੇਡੂਆਂ ਤੇ ਬਟੇਰਿਆਂ ਦੇ ਭੇੜ ਦੇਖਦੇ ਸਨ ਤੇ ਉਹਨਾਂ ਦੇ ਲਹੂ ਲੁਹਾਨ ਜਬਾੜੇ ਤੇ ਚੁੰਝਾਂ ਵੇਖ ਕੇ ਤਾੜੀਆਂ ਮਾਰ ਮਾਰ ਖੁਸ਼ ਹੁੰਦੇ ਸਨ। ਇੰਝ ਹੀ ਬਾਹਰਲੇ ਕੁਝ ਲੋਕ ਡਾਲਰ/ਪੌਂਡ ਖਰਚ ਕੇ ਪੰਜਾਬੀ/ਜਮੂਰਿਆਂ ਦਾ ਤਮਾਸ਼ਾ ਵੇਖਣ ਵਿਚ ਮਗਨ ਸਨ। ਜਦੋਂ ਸਾਰੇ ਲੋਕ ਪੰਜਾਬ ਆ ਕੇ ਪੰਜਾਬ ਦੀ ਹਾਲਤ ਤੇ ਤਬਸਰੇ ਕਰ ਰਹੇ ਸਨ। ਤੁਸੀਂ ਉਦੋਂ ਕਿੱਥੇ ਸੀ ? ਤੁਹਾਡੇ ਲਈ ਏਥਨਜ਼, ਇੰਗਲੈਂਡ, ਕੈਨੇਡਾ ਨੇੜੇ ਹਨ—ਪੰਜਾਬ ਦੂਰ ਹੈ— ਤੁਸੀਂ ਸਰਕਾਰੀ ਜਾਂ ਆਪਣੇ ਖਰਚੇ ਤੇ ਏਥਨਜ਼ ਦੀਆਂ ਸੈਰਾਂ ਕਰਕੇ ਪੰਜਾਬ ਬਾਰੇ ਦਿਲਹਿਲਾ ਦੇਣ ਵਾਲੀਆਂ ਤਕਰੀਰਾਂ ਲਿਖੀਆਂ— ਮੁਬਾਰਿਕ —

ਖ਼ੁਸ਼ਵੰਤ ਸਿੰਘ ਹੁਣੇ ਅੰਮ੍ਰਿਤਸਰ ਤੋਂ ਵਾਪਿਸ ਆਇਆ ਏ। ਉਹਦੇ ਸਾਹਾਂ ਵਿਚੋਂ ਗੁੱਸੇ ਦੀਆਂ ਲਪਟਾਂ ਉੱਠ ਰਹੀਆਂ ਨੇ। "ਤਿੰਨ ਸੌ ਗੋਲੀਆਂ ਲੱਗੀਆਂ ਨੇ ਦਰਬਾਰ ਸਾਹਿਬ 'ਤੇ। ਇਕ ਅੰਨ੍ਹਾ ਰਾਗੀ ਅਮਰੀਕ ਸਿੰਘ ਅੰਦਰ ਬੈਠਾ ਸੀ, ਉਹਨੂੰ ਉਥੇ ਹੀ ਗੋਲੀ ਲੱਗੀ। ਲਾਸ਼ ਤਾਂ ਧਰੀਕ ਕੇ ਬਾਕੀ ਲਾਸ਼ਾਂ ਨਾਲ ਹੀ ਸਾੜ ਦਿਤੀ ਗਈ, ਪਰ ਉਹਦਾ ਲਹੂ ਜਿਸ ਕਾਲੀਨ 'ਤੇ ਡੁਲ੍ਹਿਆ, ਉਹ ਸਾਫ ਨਹੀਂ ਹੋ ਸਕਿਆ। ਪੂੰਝਿਆ, ਧੋਤਿਆ, ਰਗੜਿਆ, ਪਰ ਮੱਖੀਆਂ ਆ ਕੇ ਉਥੇ ਹੀ ਬਹਿੰਦੀਆਂ ਸਨ। ਤੇ ਲਹੂ ਦੀ ਹਵਾੜ ਵੀ ਦਿਨੋ ਦਿਨ ਤਿੱਖੀ ਹੋਈ ਜਾਂਦੀ ਸੀ। ਸੋ ਮਿਲਟਰੀ ਵਾਲਿਆਂ ਨੇ ਉਸ ਕਾਲੀਨ ਦੀ ਓਨੀ ਟਾਕੀ ਕੱਟ ਕੇ ਲਾਹ ਲਈ ਏ, ਤੇ ਓਡਾ ਹੀ ਹੋਰ ਟੁਕੜਾ ਉਸ ਕਾਲੀਨ ਵਿਚ ਜੋੜ ਦਿੱਤਾ ਏ।"

ਮੈਂ ਸੋਚਦੀ ਹਾਂ, ਸਾਡੇ ਸਾਰਿਆਂ ਦੇ ਦਿਲਾਂ ਵਿਚ ਵੀ ਖ਼ੂਨ ਦੇ ਇਹੋ ਜਿਹੇ ਚੁਬੱਚੇ ਜਿਹੜੇ ਬਣੇ ਨੇ, ਉਹਨਾਂ ਨੂੰ ਕਿੰਨਾ ਹੀ ਉਲੀਚ ਲਵੋ, ਜਿਹੜਾ ਲਹੂ ਮਿੱਟੀ ਵਿਚ ਰਚ ਗਿਆ ਏ ਉਹਦਾ ਕੀ ਹੋਵੇਗਾ ? ਖ਼ੂਨ ਤਾਂ ਸ਼ਾਇਦ ਵਕਤ ਪੂੰਝ ਦੇਵੇਗਾ, ਧੋ ਦੇਵੇਗਾ, ਪਰ ਦਾਗ਼ ਉਥੇ ਹੀ ਰਹਿਣਗੇ। ਲਹੂ ਦੀ ਗੰਧ ਆਹਿਸਤਾ ਆਹਿਸਤਾ ਹਵਾੜ ਬਣੇਗੀ ਹੀ। ਖੌਲਦੇ ਗੁੱਸੇ ਦੀਆਂ ਤੇ ਨਪੁੰਸਕ ਰੋਹ ਦੀਆਂ ਮੱਖੀਆਂ ਲੱਖ ਉਡਾਉਣ ਦੇ ਬਾਵਜੂਦ ਵੀ ਮੁੜ ਘਿੜ ਕੇ ਉਸੇ ਲਹੂ ਦੇ ਦਾਗ਼ 'ਤੇ ਆ ਕੇ ਭਿਣਭਿਣਾਉਂਗੀਆਂ।

ਜਿਨ੍ਹਾਂ ਦੇ ਹੱਥਾਂ ਵਿਚ ਤਾਕਤ ਹੈ, ਤੇ ਜਿਨ੍ਹਾਂ ਨੇ ਆਪਣੀ ਤਾਕਤ ਦਾ 'ਕਮਾਲ' ਵਿਖਾ ਕੇ ਅਗਲੀਆਂ ਈਲੈਕਸ਼ਨਾਂ ਲਈ ਹਿੰਦੂ ਵੋਟਾਂ ਸੁਰੱਖਿਅਤ ਕਰ ਲਈਆਂ ਨੇ ਉਹਨਾਂ ਕੋਲੋਂ ਸਿਰਫ ਮੈਂ ਹੀ ਨਹੀਂ, ਹਰ ਸਿੱਖ ਇਹੀ ਪੁੱਛਣਾ ਚਾਹੁੰਦਾ ਏ ਅੱਜ, ਕਿ ਸਾਡੇ ਦਿਲਾਂ ਵਿਚ ਹਵਾੜ ਛਡਦੇ ਇਸ ਲਹੂ ਦੇ ਦਾਗ਼ ਦਾ ਕੀ ਕਰੋਗੇ ? ਕੈਂਚੀ ਲੈ ਕੇ ਇਸ ਟੁਕੜੇ ਨੂੰ ਵੀ ਕੱਟ ਦਿਓਗੇ ? ਤੇ ਇਹਦੀ ਥਾਵੇਂ ਇਕ ਨਵਾਂ ਟੁਕੜਾ ਜੋੜ ਕੇ ਰਫ਼ੂ ਕਰ ਦਿਓਗੇ ?

(ਲਹੂ ਦੇ ਚੁਬੱਚੇ/ਅਜੀਤਕੌਰ/ਆਰਸੀ, ਅਗਸਤ 84)

---

ਮੈਂ ਤੇ ਸੁਣਿਆ ਹੋਇਆ ਸੀ ਕਿ ਅਦੀਬਾਂ ਦੀ ਕੋਈ ਜ਼ਾਤ, ਕੋਈ ਮਜ਼੍ਹਬ ਨਹੀਂ ਹੁੰਦਾ। ਲੇਖਕ ਜ਼ਾਤਾਂ, ਕਬੀਲਿਆਂ, ਧਰਮਾਂ ਤੋਂ ਉਤਾਂਹ ਹੁੰਦਾ ਹੈ–ਉਹ ਰਚਨਹਾਰੇ ਰੱਬ ਵਾਂਗ ਹੁੰਦਾ ਹੈ। ਤੁਹਾਡੇ ਲੇਖ 'ਚ ਵਾਰ ਵਾਰ ਆਪਣੇ ਆਪ ਨੂੰ ਸਿੱਖ ਕਹਿਣਾ ਕਿਸੇ ਕੰਪਲੈਕਸ ਦੀ ਈਕੋ ਲਗਦੀ ਹੈ। ਤੁਹਾਡੇ ਤੇ ਖੁਸ਼ਵੰਤ ਦੇ ਬਲੂ-ਸਟਾਰ ਐਕਸ਼ਨ ਤੋਂ ਬਾਦ ਸਿੱਖ ਬਣ ਜਾਣ ਦੀ ਗੱਲ ਖਬਰ ਵਾਂਗ ਮਿਲੀ ਹੈ–ਖ਼ੁਸ਼ੀ ਵੀ ਹੋਈ—ਦੋਵਾਂ ਨੂੰ ਮੁਬਾਰਕ।

ਖੁਸ਼ਵੰਤ ਜਾਂ ਤੁਹਾਡੇ ਮੁਜਬ ਪੰਜਾਬ ਦੇ ਹਰ ਤੀਜੇ ਘਰਾਂ ਚੋਂ ਕੋਈ ਨਾ ਕੋਈ ਬੰਦਾ ਅੰਮ੍ਰਿਤਸਰ ਗਿਆ ਹੋਇਆ ਸੀ। ਕੀ ਕਰਨ ਗਿਆ ਸੀ ਉੱਥੇ ? ਇੰਨੇ ਬੰਦੇ ਤਾਂ ਵਿਸਾਖੀ ਨੂੰ ਵੀ ਨਹੀਂ ਜਾਂਦੇ। ਮਰਨ ਵਾਲਿਆਂ ਬਾਰੇ ਵੀ ਅੱਡ ਅੱਡ ਲੋਕਾਂ ਦੇ ਅੱਡ ਅੱਡ ਕਿਆਫ਼ੇ ਹਨ। ਮੈਂ ਵੀ ਅੰਮ੍ਰਿਤਸਰ ਐਕਸ਼ਨ ਤੋਂ ਬਾਅਦ ਉਥੇ ਹੋਕੇ ਆ ਗਿਆ ਹਾਂ। ਕੋਈ ਪੰਝੀ ਹਜ਼ਾਰ ਬੰਦੇ ਮਰੇ ਦਸਦਾ ਸੀ—ਕੋਈ ਦਸ ਹਜ਼ਾਰ, ਕੋਈ ਪੰਦਰਾ ਸੌ—ਜਿੰਨੇ ਮੂੰਹ ਉਨੀਆਂ ਗੱਲਾਂ। ਤੁਹਾਡੀ ਜਾਣਕਾਰੀ ਵਧਾਉਣ ਵਾਲੇ ਪੱਤਰਕਾਰ ਦੋਸਤ ਵੀ ਸ਼ਾਇਦ ਮੇਰੇ ਵਾਂਗ ਹੀ ਪਤਾ ਕਰਕੇ ਆਏ ਹੋਣ ਇਸ ਵੇਲੇ ਜਦੋਂ ਕਿਸੇ ਨੇ ਆਪ ਕੁਝ ਨਾ ਦੇਖਿਆ ਹੋਵੇ, ਅਫਵਾਹਾਂ ਦਾ ਬਾਜ਼ਾਰ ਗਰਮ ਹੋ ਹੀ ਜਾਂਦਾ ਹੈ। ਰੀਗਲ ਸਿਨਮੇ ਦੇ ਝਗੜੇ 'ਚ ਮੋਗਾ ਗੋਲੀ ਕਾਂਡ ਵੇਲੇ ਲੋਕਾਂ 'ਚ ਇੰਨੀ ਘਬਰਾਹਟ ਸੀ ਕਿ ਕੋਈ ਮਰਨ ਵਾਲਿਆਂ ਦੀ ਗਿਣਤੀ ਕੁਝ ਦਸਦਾ ਸੀ ਤੇ ਕੋਈ ਕੁਝ। ਪਰ ਅਸਲ 'ਚ ਪੰਜ ਬੰਦੇ ਹੀ ਮਰੇ ਸਨ। ਹੁਣ ਵੀ ਹੌਲੀ ਹੌਲੀ ਪਤਾ ਲਗ ਜਾਵੇਗਾ। ਤੁਹਾਨੂੰ ਪੰਜਾਬ ਆਕੇ ਪਿੰਡ ਪਿੰਡ ਜਾਕੇ ਡਾਟਾ ਕੁਲੈਕਟ ਕਰਨਾ ਚਾਹੀਦਾ ਹੈ। ਕੋਈ ਤੱਥ ਤਾਂ ਸਾਹਮਣੇ ਆਵੇ—ਕੋਈ ਨੇਕ ਕੰਮ ਤਾਂ ਕਰੋ—।

ਸਿੱਖ ਧਰਮ ਤਾਂ ਸਹਿਨਸ਼ੀਲਤਾ, ਮੁਹੱਬਤ ਭਾਈਚਾਰੇ ਤੇ ਕੁਰਬਾਨੀ ਦਾ ਹੀ ਇਤਿਹਾਸ ਹੈ। ਨਿਰੰਕਾਰੀ ਝਗੜੇ 'ਚ ਇਹਨਾਂ ਉਹ ਸਾਰੀ ਆਪਣੇ ਹੱਥੋਂ ਗਵਾ ਲਈ। ਆਪਣੇ ਧਰਮ ਦੇ ਵਿਰੋਧੀਆਂ ਨੂੰ ਕਤਲ ਕਰੋ, ਖ਼ਤਮ ਕਰੋ ਇਹ ਕਿਹੜਾ ਧਰਮ ਉਪਦੇਸ਼ ਦਿੰਦਾ ਹੈ ? 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਏਕ ਪਿਤਾ ਏਕਸ ਕੇ ਹਮ ਬਾਰਕ, ਨਾਨਕ ਨਾਮੇ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ, ਇਹ ਗੱਲਾਂ ਧਾਰਮਿਕ ਕਿਤਾਬਾਂ 'ਚ ਹੀ ਕੈਦ ਕਰ ਦਿਤੀਆਂ ਗਈਆਂ। ਕੀ ਉਹਨਾਂ ਨਾਲ ਨਜਿੱਠਣ ਦਾ ਕੋਈ ਹੋਰ ਤਰੀਕਾ ਨਹੀਂ ਸੀ ? ਬਾਬੇ ਨਾਨਕ ਨੇ ਆਪਣੀਆਂ ਉਦਾਸੀਆਂ 'ਚ ਵੀ ਧਰਮ ਦਾ ਪਰਚਾਰ ਕੀਤਾ। ਨਾਥਾਂ ਪੁਜਾਰੀਆਂ, ਪਾਂਧਿਆਂ ਕਾਜ਼ੀਆਂ ਮੌਲਵੀਆਂ ਨਾਲ ਆਪਣੀ ਸਰਲ ਭਾਸ਼ਾ 'ਚ ਸ਼ਾਸਤਰਾਰਥ ਕੀਤੇ। ਆਪਣੀ ਗੱਲ ਤਰਕ ਨਾਲ ਮਨਵਾਈ—ਦੁੱਖ ਝੱਲੇ ਪਰ ਸੱਚ ਦਾ ਝੰਡਾ ਬੁਲੰਦ ਰਖਿਆ। ਜੇ ਤਲਵਾਰ ਜਾਂ ਬੰਦੂਕ ਹੀ ਆਪਣੀ ਗੱਲ ਮੰਨਵਾਉਣ ਦਾ ਤਰੀਕਾ ਜਾਂ ਰਾਹ ਸੀ ਤਾਂ ਸਿੱਖ ਧਰਮਦੇ ਇਹੋ ਜਿਹੇ ਸ਼ਿਸ਼ ਕੈਥੋਲਿਕਾਂ, ਮੁਗਲਾਂ, ਸ਼ੀਆਂ ਸੁੰਨੀਆਂ ਨਾਲੋਂ ਕਿਵੇਂ ਘੱਟ ਹੋਏ। ਫਤਵੇ ਦੇਣ ਵਾਲੇ ਲੋਕ ਕਾਜ਼ੀਆਂ ਮਹੰਤਾਂ ਜਾਂ ਪੋਪਾਂ ਨਾਲੋਂ ਕਿਵੇਂ ਨਿੱਖੜੇ ਹੋਏ ?

ਗੰਦੀ ਸਿਆਸਤ ਦਾ ਸਿੱਖ ਹੀ ਸ਼ਿਕਾਰ ਨਹੀਂ ਹੋਏ ਮੋਨੇ ਵੀ ਬਰਾਬਰ ਦੇ ਭਾਈਵਾਲ ਰਹੇ। ਦੋ ਢਾਈ ਵਰ੍ਹੇ ਉਹ ਗੁੰਗੇ, ਬੋਲੇ ਤੇ ਸੁੰਨ ਹੋਏ ਆਪਣੇ ਹੀ ਕਤਲਾਂ ਦਾ ਤਮਾਸ਼ਾ ਦੇਖਦੇ ਰਹੇ। ਅੱਤਵਾਦੀਆਂ ਦਾ ਤਾਂ ਫੇਰ ਵੀ ਥੋੜਾ ਬਹੁਤਾ ਕਸੂਰ ਹੋਏਗਾ ਹੀ। ਉਹ ਬੇਦੋਸ਼ਿਆਂ ਨੂੰ ਕਤਲ ਕਰ ਰਹੇ ਸਨ, ਬੈਂਕ ਲੁੱਟ ਰਹੇ ਸਨ ਸਟੇਟ ਦੇ ਖਿਲਾਫ ਸ਼ਾਜਿਸ਼ ਕਰ ਰਹੇ ਸਨ। ਮਾਰਧਾੜ ਕਰਕੇ ਜੰਗਲ ਦੇ ਰਾਜ ਵਰਗੀ ਹਾਲਤ ਪੈਦਾ ਕਰ ਰਹੇ ਸਨ ਪਰ ਉਹਨਾਂ ਵਿਚਾਰਿਆਂ ਦਾ ਕੀ ਕਸੂਰ ਸੀ ਜਿਨਾਂ ਨੂੰ ਮੁਟਿਆਰ ਧੀ ਲਈ ਵਰ ਦੇਖਣ ਗਿਆਂ ਨੂੰ, ਦੁਕਾਨ ਲਈ ਮਾਲ ਖਰੀਦਣ ਗਿਆਂ ਨੂੰ ਬੀਮਾਰ ਔਰਤ ਜਾਂ ਪਿਉ ਦੀ ਖਬਰ ਲੈਣ ਗਿਆਂ ਨੂੰ ਬੱਸਾਂ 'ਚੋਂ ਧੂਹ ਧੂਹ ਕੇ ਕਤਲ ਕਰ ਦਿਤਾ ਗਿਆ। ਉਦੋਂ ਸ਼ਾਇਦ ਉਹਨਾਂ ਨੂੰ ਆਪਣੇ ਮਨੇ ਹੋਣ ਤੇ ਸਭ ਤੋਂ ਵੱਧ ਗੁੱਸਾ ਤੇ ਸ਼ਰਮ ਆਈ ਹੋਵੇਗੀ। ਜਿਸ ਤਰ੍ਹਾਂ ਦਾ ਵਕਤ ਪੰਜਾਬ ਦੇ 'ਮੋਨਿਆਂ' ਨੇ ਦੋ ਢਾਈ ਵਰ੍ਹੇ ਲੰਘਾ-ਇਆ ਤੁਸੀਂ ਦਿਲੀ 'ਚ ਬਹਿਕੇ ਮਹਿਸੂਸ ਤਾਂ ਕੀ ਕਰਨਾ ਹੈ ਕਲਪਨਾ ਵੀ ਨਹੀਂ ਕਰ ਸਕਦੇ। ਮੇਲ ਮੁਲਾਕਾਤਾਂ ਬੰਦ, ਆਉਣਾ ਜਾਣਾ ਬੰਦ ਖੁਲ੍ਹ ਕੇ ਹੱਸਣਾ ਤਾਂ ਦੂਰ ਦੀ ਗੱਲ ਹੈ ਬੋਲ ਚਾਲ ਤੱਕ ਬੰਦ—ਬਾਮੁਸ਼ੱਕਤ ਕੈਦ ਹੋਰ ਕਿਹੀ ਜਿਹੀ ਹੁੰਦੀ ਹੈ ਮੁਹਤਰਮਾ ਅਜੀਤ ਕੌਰ—? ਨਪੁੰਸਕਤਾ ਹੋਰ ਕਿਸ ਬਲਾ ਦਾ ਨਾਂ ਹੈ?—ਤੇ ਜੇ ਹਰਿਆਣੇ ਵਾਂਗ ਇਹੀ ਹਵਾ ਸਾਰੇ ਹਿੰਦੁਸਤਾਨ 'ਚ ਫੈਲ ਜਾਂਦੀ ਤਾਂ ਅਸੀਂ ਪੰਜਾਬੀਆਂ ਨੇ ਸਦੀਆਂ ਤੱਕ ਦੁਨੀਆਂ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਾ ਸੀ।

ਮੈਂ ਆਪਣਾ ਫੈਮਿਲੀ ਟਰੀ ਵੇਖਿਆ ਹੈ—ਮੇਰੇ ਬਾਬੇ ਦਾ ਪੜਦਾਦਾ ਇਥੇ ਪੰਜਾਬ 'ਚ ਹੀ ਸੀ—ਤੇ ਸ਼ਾਇਦ ਇਸ ਨਾਲੋਂ ਪਹਿਲੇ ਬਜ਼ੁਰਗ ਵੀ ਇਥੇ ਹੀ ਹੋਣ—ਤੁਸੀਂ ਜਾਂ ਤੁਹਾਡੇ ਵਰਗੇ ਜਜ਼ਬਾਤੀ ਲੋਕ ਮੈਨੂੰ ਹਿੰਦੂ ਕਹਿ ਕੇ ਰਾਤੋ ਰਾਤ ਪਰਦੇਸੀ ਡੇਕਲੇਅਰ ਕਰ ਦਿਓ—ਅੱਲਾ ਦੀਨ ਚਿਰਾਗ ਦਾ ਜਾਦੂ ਹੋਰ ਕੀ ਹੁੰਦਾ ਹੈ? ਅਜਿਹੇ ਹਾਲਤ ਵਿਚ ਪੰਜਾਬ ਦਾ ਇਕ ਅਦੀਬ ਦਾਰੂ ਪੀ ਕੇ ਸਾਰੀ ਰਾਤ ਮੇਰੇ ਕੋਲ ਬੈਠਾ ਰੋਂਦਾ ਰਿਹਾ। ਮੇਰੇ ਕੋਲ ਉਹਨੂੰ ਚੁੱਪ ਕਰਾਉਣ ਦਾ ਕੋਈ ਵਸੀਲਾ ਹੀ ਨਹੀਂ ਸੀ ਛਡਿਆ ਗਿਆ। ਮੇਰਾ ਵਧੀਆ ਮਿੱਤਰ ਪ੍ਰੀਤਮ ਸਿੱਧੂ ਪੰਜਾਬ ਆ ਕੇ ਵੀ ਗੜਬੜ ਕਾਰਨ ਮੈਨੂੰ ਮਿਲਣ ਨਹੀਂ ਆ ਸਕਿਆ—ਕਾਰਣ? ਉਹ ਮੋਨਾ ਸਿੱਖ ਸੀ। ਪੰਜਾਬ ਤੇ ਸਿੱਖੀ ਦੇ 'ਹਤੈਸ਼ੀਆਂ ਸਿੱਖੀ ਦੀ ਪਛਾਣ ਦਾ ਧੁਰਾ ਕੇਸ ਤੇ ਦਾਹੜੀ ਹੀ ਬਣਾ ਦਿਤੇ—ਭਾਈਚਾਰੀ, ਸਾਂਝੀਵਾਲਤਾ, ਵੰਡ ਕੇ ਛਕਣਾ, ਨਿੰਮਰਤਾ, ਮੁਹੱਬਤ ਇਹ ਸਭ ਛਿੱਕੇ ਟੰਗ ਦਿਤੀਆਂ। ਪੰਜਾਬ ਦਾ ਮੋਨਾ ਇਕ ਨਹੀਂ ਦੋ ਧਿਰਾਂ ਦਾ ਸ਼ਿਕਾਰ ਹੋਇਆ। ਅੰਦੋਲਨ

ਬੀ. ਬੀ. ਸੀ. ਦੀਆਂ ਖ਼ਬਰਾਂ, ਹਰ ਘੰਟੇ ਮਗਰੋਂ। ਹਮਲਾ, ਟੈਂਕ, ਤੋਪਾਂ, ਬਾਰੂਦ, ਲਾਸ਼ਾਂ।

ਟਾਈਮਜ਼ ਦੀ ਇਕ ਖ਼ਬਰ, "ਲਾਸ਼ਾਂ ਵਿਚ ਕੁਝ ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ ਵੀ ਸਨ।"

ਹਰ ਗਰੀਕ ਦੋਸਤ ਸਾਡੇ ਦੋਹਾਂ ਨਾਲ ਵਧੇਰੇ ਨਰਮੀ ਨਾਲ ਪੇਸ਼ ਆ ਰਿਹਾ ਸੀ, ਅਫ਼ਸੋਸ ਕਰ ਰਿਹਾ ਸੀ। ਜਿਸ ਤਰ੍ਹਾਂ ਉਹ ਸਾਡੇ ਘਰ ਕਿਸੇ ਮਾਤਮ 'ਤੇ ਆਏ ਹੋਣ।

ਪਰ ਹਿੰਦੁਸਤਾਨੀ ਕਲਚਰਲ ਗਰੁੱਪ ਦਾ ਹਰ ਬੰਦਾ, ਜਿਸ ਦੇ ਵਿਚ ਸਿੱਖ ਸਿਰਫ ਦੋ ਹੀ ਸਨ: ਮੈਂ ਤੇ ਅਰਪਨਾ, ਸਿਰਫ਼ ਉਸ ਗੋਲੇ ਬਾਰੂਦ ਦੀ ਗੱਲ ਕਰ ਰਿਹਾ ਸੀ ਜਿਹੜਾ ਸੰਤ ਭਿੰਡਰਾਂਵਾਲੇ ਤੇ ਉਹਨਾਂ ਦੇ ਸੇਵਕਾਂ ਨੇ ਅੰਦਰ ਜ਼ਮ੍ਹਾ ਕੀਤਾ ਹੋਇਆ ਸੀ। ਕਹਿ ਰਹੇ ਸਨ, 'ਵਿਚਾਰੀ ਇੰਦਰਾ ਗਾਂਧੀ ਹੋਰ ਕਰਦੀ ਵੀ ਕੀ?'

ਅਰਪਨ ਦੀਆਂ ਅੱਖਾਂ ਵਿਚ ਗੁੱਸੇ ਦੇ ਅੱਥਰੂ ਸਨ, ਤੇ ਉਹ ਉਹ ਉਹਨਾਂ ਨੂੰ ਟਾਈਮਜ਼ ਦੀਆਂ ਖ਼ਬਰਾਂ ਵਿਖਾ ਰਹੀ ਸੀ। ਇਕ ਖ਼ਬਰ: "ਲਾਸ਼ਾਂ ਵਿਚ ਕਈ ਨੌਜਵਾਨ ਮੁੰਡਿਆਂ ਦੀਆਂ ਲਾਸ਼ਾਂ ਸਨ ਜਿਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨੇ ਹੋਏ ਸਨ, ਪੱਗਾਂ ਲੱਥੀਆਂ ਹੋਈਆਂ ਸਨ ਤੇ ਮੱਥੇ 'ਤੇ ਗੋਲੀ ਲੱਗੀ ਹੋਈ ਸੀ। ਦੂਜੀ ਖ਼ਬਰ: "ਲਾਸ਼ਾਂ ਵਿਚ ਔਰਤਾ ਤੇ ਬੱਚਿਆਂ ਦੀਆਂ ਲਾਸ਼ਾਂ..!" "ਬੱਚਿਆਂ ਨੇ ਕੀ ਕਸੂਰ ਕੀਤਾ ਸੀ? ਉਹ ਵੀ ਅਤੰਕਵਾਦੀ ਸਨ?" ਅਰਪਨਾ ਨੇ ਕਿਹਾ।

ਆਲ ਇੰਡੀਆ ਰੇਡੀਓ ਦਾ ਹਰੀਸ਼ ਅਵਸਥੀ ਕਹਿਣ ਲੱਗਾ, "ਆਰ ਯੂ ਸ਼ਿਅਰ ਦੇ ਵਰ ਇਨੋਸੈਂਟ?"

ਤੇ ਅਰਪਨਾ ਲੜ ਪਈ ਉਹਦੇ ਨਾਲ, 'ਵਟ ਡੂ ਯੂ ਮੀਨ? ਬੱਚੇ ਇਨੋਸੈਂਟ ਨਹੀਂ ਹੁੰਦੇ ਤਾਂ ਕੀ ਹੁੰਦੇ ਨੇ? ਬੱਚਿਆਂ ਦੀਆਂ ਲਾਸ਼ਾਂ...!"

ਮੈਂ ਉਹਨੂੰ ਕਮਰੇ ਵਿਚ ਲੈ ਆਈ। ਉਹ ਰੋ ਰਹੀ ਸੀ। ਮੈਂ ਕਿਹਾ, "ਤੂੰ ਕਹਿੰਦੀ ਸਾਏਂ ਨਾ,, ਆਪਣੇ ਮੁਲਕ ਤੋਂ ਬਾਹਰ ਹੋਰ ਕਿਧਰੇ ਨਹੀਂ ਰਹਿਣਾ! ਕਿਉਂਕਿ ਆਪਣੇ ਮੁਲਕ ਤੋਂ ਬਾਹਰ ਸੈਕੰਡ ਕਲਾਸ ਸਿਟੀਜ਼ਨ ਬਣ ਕੇ ਰਹਿਣਾ ਪੈਂਦਾ ਏ। ਪਰ ਆਪਣੇ ਹੀ ਮੁਲਕ ਵਿਚ ਹਰ ਮਾਈਨਾਰੇਟੀ ਨੂੰ ਸੈਕੰਡ ਕਲਾਸ ਸਿਟੀਜ਼ਨ ਬਣਨਾ ਪੈਂਦਾ ਏ, ਇਹ ਨਹੀਂ ਸੀ ਨਾ ਕਦੀ ਸੋਚਿਆ। ਹੁਣ ਸੋਚਣਾ ਪਵੇਗਾ।"

(ਲਹੂ ਦੇ ਚੁਬੱਚੇ/ਅਜੀਤ ਕੌਰ/ਆਰਸੀ, ਅਗਸਤ 84)

ਫੇਲ੍ਹ ਹੋ ਜਾਣ ਦੀ ਸ਼ੰਕਾ ਦਾ ਗੁੱਸਾ ਤਾਂ ਵੀ ਮੰਨਿਆਂ ਤੇ—ਸਰਕਾਰ ਵੋਟਾਂ ਲਈ ਕੋਈ ਸਾਜ਼ਿਸ਼ ਰਚੇ ਤਾਂ ਵੀ ਮੋਨੇ ਮਰਵਾਏ—

ਅਜੀਤ ਜੀ, ਤੁਹਾਨੂੰ ਰੋਸ ਹੈ ਕਿ ਐਕਸ਼ਨ ਵੇਲੇ ਪੰਜਾਬ ਚੋ ਬਾਕੀ ਗੁਰਦੁਆਰਿਆਂ ਤੇ ਕਿਉਂ ਐਕਸਨ ਕੀਤਾ ਗਿਆ ? ਮੈਂ ਵੀ ਸਮਝਦਾ ਸਾਂ ਕਿ ਹਰ ਗੁਰਦਵਾਰੇ ਇਹ ਗੱਲ ਨਹੀਂ ਹੋ ਸਕਦੀ । ਪਰ ਜਦ ਗੋਲਡਨ ਟੈਂਪਲ ਜਾਂ ਗੁਰੂ ਰਾਮਦਾਸ ਸਰ੍ਹਾਂ ਅੱਤਵਾਦੀਆਂ ਦੀ ਸੁਰੱਖਿਅਤ ਲੁਕਣਗਾਹ ਬਣ ਗਈ ਤਾਂ ਬਾਕੀ ਗੁਰਦਵਾਰਿਆਂ ਦਾ ਵੀ ਪ੍ਰਯੋਗ ਅਜਿਹੇ ਕੰਮਾਂ ਲਈ ਹੋਣ ਲੱਗਾ ਸੀ। ਗੁਰਦਵਾਰੇ ਦੇ ਬਾਹਰ ਖੜ੍ਹੇ ਕੇ ਜੀਪਾਂ, ਸਕੂਟਰ, ਮੋਟਰ ਸਾਈਕਲ ਖੋਹੇ ਜਾਂਦੇ ਸਨ ਤੇ ਅੰਦਰ ਫੈਡਰੇਸ਼ਨ ਦੇ ਦਫ਼ਤਰ ਦੀ ਸਾਰੀ ਕਾਰਵਾਈ ਚਲਾਈ ਜਾਂਦੀ ਸੀ। ਸਾਡੀਆਂ ਅੱਖਾਂ ਮੂਹਰੇ ਸਕੂਟਰ, ਮੋਪੇਡ ਖੋਹ ਕੇ ਅੰਦਰ ਖੜੇ ਕੀਤੇ ਗਏ ਸਨ । ਕੋਈ ਪੁੱਛ ਪੜਤਾਲ ਨਹੀਂ ਸੀ। ਕੋਈ ਦਾਦ-ਫਰਿਆਦ ਸੁਨਣ ਵਾਲਾ ਨਹੀਂ ਸੀ। ਪੁਲਿਸ ਆਪਣੀ, ਸੂਬਾ ਆਪਣਾ ਫਿਰ ਡਰ ਕਾਹਦਾ ? ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ ?

ਤੁਸੀਂ ਦਿੱਲੀ 'ਚ ਬਹਿ ਕੇ ਆਖਦੇ ਓ, ਲੁਕੇ ਜਾਂ ਬੈਠੇ ਬੰਦਿਆਂ ਨੂੰ ਵਾਰਨਿੰਗ ਨਹੀਂ ਦਿਤੀ ਗਈ। ਪਰ ਇਹ ਗੱਲ ਸੱਚ ਨਹੀਂ । ਐਕਸ਼ਨ ਵਾਲੇ ਦਿਨ ਰਾਤ ਨੂੰ ਅੱਤਵਾਦੀਆਂ ਜਾਂ ਗੁਰਦਵਾਰੇ ਦੇ ਅੰਦਰ ਬੈਠੇ ਬੰਦਿਆਂ ਨੂੰ ਚਿਤਾਵਨੀ ਦਿਤੀ ਗਈ ਸੀ—ਇਕ ਨਹੀਂ ਕਈ ਕਈ ਵਾਰ—ਜੇ ਮੋਗੇ ਦੇ ਬੰਦੇ ਬਾਹਰ ਆ ਕੇ ਗ੍ਰਿਫ਼ਤਾਰੀ ਦੇ ਸਕਦੇ ਹਨ, ਜੇ ਸੰਧੂ, ਟੌਹੜਾ, ਲੌਂਗੋਵਾਲ, ਰਾਮੂੰਵਾਲੀਆ ਆਤਮ ਸਮਰਪਣ ਕਰ ਸਕਦੇ ਹਨ ਤਾਂ ਬਾਕੀ ਦੇ ਲੋਕ ਕਿਉਂ ਨਹੀਂ—ਉਹ ਤਾਂ ਬੱਸ ਇਕੋ ਭੁਲੇਖੇ ਦੇ ਸ਼ਿਕਾਰ ਰਹੇ ਕਿ ਗੁਰਦਵਾਰਾ ਉਹਨਾਂ ਲਈ ਸਭ ਤੋਂ ਸੁਰਖਿਅਤ ਥਾਂ ਹੈ ਤੇ ਉਥੇ ਪੁਲੀਸ ਜਾਂ ਫੌਜ ਵੜ ਹੀ ਨਹੀਂ ਸਕਦੀ।

ਨੇਤਾ ਬਨਣ ਦਾ ਸਭ ਤੋਂ ਵਧੀਆ ਅਤੇ ਸੌਖਾ ਤਰੀਕਾ ਹੈ— ਫ਼ਿਰਕਾਪ੍ਰਸਤੀ ਦੇ ਭੂਤ ਦੀ ਵਰਤੋਂ— ਹਿਟਲਰ ਨੇ ਨਾਜ਼ੀਆਂ ਨੂੰ, ਖੁਮੈਨੀ ਨੇ ਈਰਾਨੀਆਂ ਨੂੰ ਤੇ ਜਿਨਾਹ ਨੇ ਪਾਕਿਸਤਾਨੀਆਂ ਨੂੰ ਇਹਦੀ ਪਾਨ ਚੜ੍ਹਾਈ—ਪੰਜਾਬੀਆਂ ਨੂੰ ਵੀ ਇਹਦਾ 'ਅੰਮ੍ਰਿਤ' ਛਕਾਇਆ ਗਿਆ । ਜ਼ਹਿਰੀਲੇ ਟੇਪ ਭਰੇ ਤੇ ਵੰਡੇ ਗਏ—ਪੈਂਤੀ ਪੈਂਤੀ ਬੰਦਿਆਂ ਨੂੰ ਮਾਰ ਮੁਕਾਉਣ ਦੀ ਗੱਲ ਦੁਹਰਾਈ ਗਈ—ਵੱਡੀਆਂ ਵੱਡੀਆਂ ਇਮਾਰਤਾਂ ਤੇ ਨਿਸ਼ਾਨ ਲੁਆਏ ਗਏ, ਜ਼ਮੀਨਾਂ ਜਾਇਦਾਦਾਂ ਸਾਂਭਣ ਦੇ ਚਕਮੇ ਦਿਤੇ ਗਏ ਤੇ ਇਕ ਖਾਸ ਸਾਈਕੀ ਤਿਆਰ ਕਰ ਦਿਤੀ ਗਈ—ਤੇ ਇਕ ਵਿਸ਼ੇਸ਼ ਵਰਗੇ ਨੂੰ ਫਾਲੋਅਰ ਬਣਾ ਲਿਆ ਗਿਆ। ਤੁਹਾਡੇ ਰਿਕਸ਼ਾ ਸਕੂਟਰ ਵਾਲੇ ਮੁੰਡੇ ਵਾਂਗ ਮੈਨੂੰ ਵੀ ਇਕ ਤਰਖਾਣਾਂ ਦਾ ਮੁੰਡਾ ਕਹਾਣੀ ਲੇਖਿਕਾ ਸ਼ਰਨ ਮੱਕੜ ਹੁਰਾਂ ਦੇ ਘਰ ਮਿਲਿਆ ਸੀ। ਐਕਸ਼ਨ ਤੋਂ ਬਾਅਦ ਉਹ ਹਜੂਮ ਬਣਾ ਕੇ ਗੋਲਡਨ ਟੈਂਪਲ ਵੱਲ ਵਧੇ ਸਨ ਪਰ ਰਾਹ 'ਚ ਹੀ ਰੋਕ ਲਏ ਗਏ ਸਨ। ਦੋ ਚਾਰ ਮਰ ਵੀ ਗਏ ਸਨ ਬਾਕੀ ਭੱਜ ਆਏ ਸਨ ।

'ਤੁਸੀਂ ਉਥੇ ਕੀ ਕਰਨ ਗਏ ਸੀ ?'' ਮੈਂ ਪੁੱਛਿਆ ।

''ਸ਼ਹੀਦੀਆਂ ਪਾਉਣ।'' ਉਸ ਦਾ ਘੜਿਆ ਘੜਾਇਆ ਉੱਤਰ ਸੀ।

''ਤੁਸੀਂ ਸ਼ਹੀਦੀਆਂ ਕਾਹਦੇ ਲਈ ਪਾਉਣੀਆਂ ਸਨ—ਤੁਹਾਡਾ ਮੰਤਵ ਕੀ ਸੀ—? ਮੈਂ ਫਿਰ ਪੁਛਿਆ।

''ਇਹ ਨਹੀਂ ਜੀ ਪਤਾ—ਅਸੀਂ ਬਾਬਿਆਂ ਨੂੰ ਨਾਂ ਜੁ ਲਿਖਾਇਆ ਸੀ ਸ਼ਹੀਦੀਆਂ ਪਾਉਣ ਲਈ—।''

''ਫੇਰ ਭੱਜ ਕਿਉਂ ਆਇਆ ?''

ਉਹ ਹੱਸ ਪਿਆ।

ਮੈਡਮ ਸ਼ਹੀਦੀਆਂ ਪਾਉਣ ਵਾਲੇ ਬਹੁਤੇ ਇਹੋ ਜਿਹੇ ਹੀ ਭੋਲੇ ਭਾਲੇ ਅਤੇ ਅਗਿਆਨੀ ਲੋਕ ਸਨ। ਜੋ ਸਿਰ ਦੀ ਥਾਂ ਦਿਲ ਦੇ ਆਖੇ ਲੱਗ ਰਹੇ ਸਨ। ਇਕ ਰੋਮਾਂਟਿਕ 'ਸਤਾਨ' ਉਹਨਾਂ ਮੂਹਰੇ ਸੀ—ਜਦੋਂ ਵੱਡੀਆਂ ਵੱਡੀਆਂ ਬਿਲਡਿੰਗਾਂ, ਕਾਰਖਾਨੇ, ਦੁਕਾਨਾਂ ਉਹਨਾਂ ਦੀ ਮਲਕੀਅਤ ਦਾ ਹਿੱਸਾ ਹੋਣਗੇ—ਤਾਜ਼ਦਾਰ ਬਾਦਸ਼ਾਹ—। ਅਫ਼ਸੋਸ !

ਮੰਨ ਲਿਆ ਸੰਤਾਂ ਨੂੰ ਇੰਦਰਾ ਗਾਂਧੀ ਨੇ ਹੀਰੋ ਬਣਾਇਆ। ਪਰ ਸਵਾਲ ਹੈ ਉਹਨੂੰ ਪਰਵਾਨ ਕੀਹਨੇ ਕੀਤਾ ? ਉਹਨੂੰ ਗੋਲਡਨ ਟੈਂਪਲ (ਦਰਬਾਰ ਸਾਹਿਬ) 'ਚੋਂ ਬਾਹਰ ਜਾਣ ਲਈ ਕਿਸੇ ਨੇ ਕਿਉਂ ਨਾ ਕਿਹਾ। ਜਦੋਂ ਉਹ ਗੋਲਡਨ ਟੈਂਪਲ ਵਿਚ ਪੱਕੇ ਬੰਕਰ ਤੇ ਮੋਰਚੇ ਬਣਾ ਰਹੇ ਸਨ, ਗੰਢੇ, ਦਾਲਾਂ, ਆਟਾ, ਧੂਫ਼ ਬੱਤੀ ਢੋਣ ਵਾਲੇ ਕਾਰ-ਸੇਵਾ ਦੇ ਟਰੱਕਾਂ ਵਿਚ ਹਥਿਆਰ ਢੋਅ ਰਹੇ ਸਨ—ਅਕਾਲੀ ਲੀਡਰਸ਼ਿਪ ਨੇ ਉਹਨਾਂ ਨੂੰ ਨੱਥ ਕਿਉਂ ਨਾ ਪਾਈ, ਸਿੰਘ ਸਾਹਿਬਾਨ ਨੇ ਕੋਈ ਫਤਵਾ ਕਿਉਂ ਨਾ ਦਿਤਾ ? ਮੈਡਮ, ਜਾਨ ਸਭ ਨੂੰ ਪਿਆਰੀ ਹੁੰਦੀ ਹੈ। ਜਦੋਂ ਸੋਦੀਆਂ ਛਿੰਦਿਆਂ ਦੇ ਕਤਲ ਹੋ ਰਹੇ ਹਨ, ਬਲਜੀਤ ਕੌਰਾਂ ਦੇ ਗੁਪਤ ਅੰਗ ਸਾੜੇ ਜਾ ਰਹੇ ਸਨ ਉਦੋਂ ਤੁਹਾਡੀ ਸਾਰਿਆਂ ਦੀ ਜ਼ਮੀਰ ਕਿੱਥੇ ਸੀ— ਉਦੋਂ ਤੁਹਾਡੀ ਪਾਵਰਫੁੱਲ ਲੱਫਾਜ਼ੀ ਕੀ ਕਰ ਰਹੀ ਸੀ ? ਜਦੋਂ ਅੱਤਵਾਦੀ ਆਪ ਅੰਦਰੋਂ ਗੋਲੀਆਂ ਚਲਾ ਰਹੇ ਸਨ ਤਾਂ ਕੀ ਉਹ ਪਵਿੱਤਰ ਅਸਥਾਨ ਦੀ ਬੇ-ਅਦਬੀ ਨਹੀਂ ਸੀ ਕਰ ਰਹੇ ? ਜੇ ਸਰਕਾਰੀ ਬੰਦਿਆਂ ਤੇ

ਇਹ ਦੋਸ਼ ਹੈ ਤਾਂ ਅੱਤਵਾਦੀਆਂ ਨੂੰ ਵੀ ਇਸ ਦੋਸ਼ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਸ਼ਾਂਤੀ, ਮੁਹੱਬਤ, ਅਮਨ ਦਾ ਮੁੱਜਸਮਾ ਉਹਨਾਂ ਭੈਅ ਦਾ ਪ੍ਰਤੀਕ ਬਣਾ ਕੇ ਰਖ ਦਿਤਾ। ਮੈਂ ਆਪਣੇ ਇਕ ਫ਼ੌਜੀ ਮਿੱਤਰ ਜੋ ਕਿ ਕਾਫੀ ਦੇਰ ਤੋਂ ਅੰਮ੍ਰਿਤਸਰ ਰਹਿੰਦਾ ਹੈ ਇਕ ਵਾਰੀ ਪੁੱਛਿਆ, "ਤੁਸੀਂ ਗੋਲਡਨ ਟੈਂਪਲ ਜਾਂਦੇ ਹੋ ?" ਤਾਂ ਉਹ ਕੰਨਾਂ ਨੂੰ ਹੱਥ ਲਾ ਕੇ ਬੋਲਿਆ, "ਨਾ ਨਾ ਯਾਰ—ਇਕ ਤਾਂ ਅਸੀਂ ਦਾਹੜੀ ਕੱਟਦੇ ਆਂ ਤੇ ਇਕ ਸਾਡੀ ਤੋਰ ਹੀ ਵੱਖਰੀ ਹੁੰਦੀ ਐ—ਡਰੀਦੈ ਕਿਤੇ ਜਸੂਸ ਸਮਝ ਕੇ ਈ ਕੋਈ ਮਾਰ ਨਾ ਦੇਵੇ...।', ਤੇ ਉਥੇ ਜਾਣ ਵਾਲੇ ਸਹੀ ਸ਼ਰਧਾਲੂਆਂ ਦੀ ਗਿਣਤੀ ਵੀ ਘਟੀ ਸੀ—ਕੀ ਇਸ ਲਈ ਅੱਤਵਾਦੀ ਜ਼ਿੰਮੇਂਵਾਰ ਨਹੀਂ ਸਨ ?

ਮੈਡਮ, ਤੁਸੀਂ ਕਿਹਾ ਹੈ ਕਿ ਹਥਿਆਰ ਜਮਾਂ ਕਰਨਾ ਡਰ ਦੀ ਮੈਨੀਫੈਸਟੈਸ਼ਨ ਹੀ ਹੁੰਦੀ ਹੈ। ਪਰ ਅੱਤਵਾਦੀ ਜਾਂ ਹਥਿਆਰ ਜਮ੍ਹਾਂ ਕਰਨ ਵਾਲੇ ਬੰਦਿਆਂ ਨੂੰ ਪੰਜਾਬ 'ਚ ਕਾਹਦਾ ਡਰ ਸੀ ? ਸਗੋਂ ਹਥਿਆਰ ਜਮਾਂ ਕਰਕੇ ਉਹ ਆਪਣੀ ਇਕ ਵਿਸ਼ੇਸ਼ ਆਇਡੈਂਟਿਟੀ ਬਣਾ ਰਹੇ ਸਨ—ਭੈਅ ਦਾ ਸੰਚਾਰ ਤੇ ਪ੍ਰਚਾਰ ਜ਼ਰੂਰ ਕਰ ਰਹੇ ਸਨ—ਸਾਧਾਰਣ ਬੰਦਿਆਂ ਹੱਥ ਸਟੇਨ ਗੰਨਾਂ ਫੜਾ ਕੇ ਉਹਨਾਂ ਨੂੰ ਤੀਸਮਾਰ ਖਾਂ ਬਣਾ ਰਹੇ ਸਨ।

ਹੁਣ ਅਕਾਲੀਆਂ ਦੀਆਂ ਮੰਗਾਂ ਬਾਰੇ ਜਦੋਂ ਕੰਟਰੀ ਆਨ ਦੀ ਹੋਲ ਸੋਚੀਏ ਤਾਂ ਕੋਈ ਮੰਗ ਵੱਡੀ ਨਹੀਂ ਲਗਦੀ। ਸਾਰਾ ਦੇਸ਼ ਤਰੱਕੀ ਕਰੇ, ਕੋਈ ਸਟੇਟ ਪਿੱਛੇ ਨਾ ਰਹੇ, ਹਰ ਇਕ ਦੇ ਖੁਸ਼ਹਾਲ ਹੋਣ ਲਈ ਵਸੀਲੇ ਜੁਟਾਏ ਜਾਣ। ਜੇ ਕਿਸੇ ਨੂੰ ਕਿਸੇ ਲਈ ਔਖ ਵੀ ਝੱਲਣੀ ਪਵੇ ਤਾਂ ਖਿੜੇ ਮੱਥੇ ਝੱਲੇ, ਤਦ ਹੀ ਸਮੂਹ ਖੁਸ਼ਹਾਲ ਹੋ ਸਕਦਾ ਹੈ। ਪਰ ਜੇ ਟੱਬਰ ਦਾ ਇਕੋ ਇਕ ਕਮਾਊ ਪਿਉ ਇਹ ਕਹੇ ਕਿ ਮੈਂ ਆਪਣੀਆਂ ਸਾਰੀਆਂ ਲੋੜਾਂ ਪੂਰੀਆਂ ਕਰਕੇ ਬਾਕੀ ਬਚਦਾ ਬੱਚਿਆ ਨੂੰ ਦੇਊਂ ਤਾਂ ਬੱਚੇ ਅੱਜ ਵੀ ਭੁੱਖੇ ਮਰੇ ਤੇ ਕੱਲ ਵੀ। ਬਿਜਲੀ ਪੰਜਾਬ ਪੈਦਾ ਕਰਦਾ ਹੈ, ਅੰਨ ਪੰਜਾਬ ਪੈਦਾ ਕਰਦਾ ਹੈ, ਤੁਸੀਂ ਦਿੱਲੀ ਵਾਲੇ ਕੀ ਪੈਦਾ ਕਰਦੇ ਹੋ—ਭੈੜੀ, ਗੰਦੀ ਤੇ ਨੀਚ ਗਲੀਜ਼ ਰਾਜਨੀਤੀ—ਤੁਹਾਡੇ ਕੂਲਰ, ਫਰਿਜ, ਟੀ.ਵੀ. ਤੇ ਵੀ.ਸੀ.ਆਰ. 'ਚ ਇਕ ਮਿੰਟ ਦਾ ਵਿਘਨ ਨਹੀਂ ਪੈਂਦਾ ਤੇ ਅਸੀਂ ਪੰਜਾਬੀ ਏਸ਼ੀਆ ਦੇ ਸਭ ਤੋਂ ਵੱਡੇ ਡੈਮ ਦੇ ਮਾਲਕ ਹੋ ਕੇ ਵੀ ਸੜਦੀ ਹੁੱਸੜ ਮਾਰੀ ਗਰਮੀ 'ਚ ਬਾਰਾਂ ਘੰਟੇ ਮੁੜ੍ਹਕੇ 'ਚ ਭਿੱਜੇ ਬਿਜਲੀ ਵਾਲਿਆਂ ਦੀ ਜਾਨ ਨੂੰ ਰੋਂਦੇ ਰਹੀਦਾ ਹੈ। ਇਹ ਸਭ ਕੁਝ ਭਾਣਾ ਮੰਨ ਕੇ ਜਰੀਦਾ ਹੈ।

ਮੈਡਮ, ਰਾਜਨੀਤੀ ਗੰਦੀ ਖੇਡ ਹੈ, ਬਾਜ਼ਮੀਰ ਬੰਦਾ ਇਸ 'ਚ ਚਲ ਨਹੀਂ ਸਕਦਾ। ਇਸ ਸਾਰੇ ਡਰਾਮੇ 'ਚ ਇਕੱਲੀ ਇੰਦਰਾ ਗਾਂਧੀ ਹੀ ਮੁਨਾਫਾ ਲੈਣ ਵਾਲੀ ਨਹੀਂ, ਕੁਝ ਸਿੱਖ ਵੀ ਇਸ 'ਚ ਭਾਗੀਦਾਰ ਨੇ, ਤੁਸੀਂ ਉਹਨਾਂ ਦਾ ਨਾਂ ਲੈਣਾ ਮੁਨਾਸਿਬ ਨਹੀਂ ਸਮਝਿਆ, ਮਰਦਾਂ ਦਾ ਨਾਂ ਨਾ ਲੈਣਾ ਸ਼ਾਇਦ ਤੁਹਾਡੀ ਕੋਈ ਅੰਦਰੂਨੀ ਕਮਜ਼ੋਰੀ ਹੋਵੇ। ਇਸ ਪਰਾਫਿਟ 'ਚ ਉਹ ਵੀ ਫਿਫਟੀ ਫਿਫਟੀ ਦੇ ਹਿੱਸੇਦਾਰ ਨੇ। ਸੰਤ ਜਰਨੈਲ ਸਿੰਘ ਨੂੰ ਕੀਹਨੇ ਪੈਦਾ ਕੀਤਾ, ਮੁੱਖ ਮੰਤਰੀ ਦਰਬਾਰਾ ਸਿਘ ਦੇ ਰਸਤੇ ਵਿਚ ਕੀਹਨੇ ਕੰਡੇ ਵਿਛਾਏ, ਅਕਾਲੀ ਸਿਆਸਤ ਦਾ ਕੀਹਨੇ ਘਾਣ ਬੱਚਾ ਕੀਤਾ, ਤੁਸੀਂ ਭਾਵੇਂ ਨਾਂ ਨਾ ਵੀ ਲਓ ਪਰ ਉਸਨੂੰ ਪੰਜਾਬ ਦਾ ਬੱਚਾ ਬੱਚਾ ਜਾਣਦ ਹੈ। ਇਸ ਰਾਜਨੀਤੀ ਦੀ ਖੇਡ ਵਿਚ ਅਕਾਲੀ ਵੀ ਕਿਸੇ ਨਾਲੋਂ ਘਟ ਨਹੀਂ, ਪੁਲੀਸ ਵਿਚ ਆਪਣੇ ਬੰਦੇ ਭਰਤੀ ਕਰਵਾਏ, ਫੌਜ ਵਿਚ ਆਪਣੇ ਆਰਥਕ ਮਾਮਲਿਆ ਨਾਲ ਧਾਰਮਿਕ ਮੰਗਾਂ ਨੱਥੀ ਕਰਕੇ ਆਮ ਸਿਖ ਦੇ ਜਜ਼ਬਾਤ ਨੂੰ ਭੜਕਾਇਆ ਨਾਲੇ ਕੇਂਦਰ ਨਾਲ ਅੰਦਰੋਗਤੀ ਬਾਤਾ ਚੀਤਾਂ ਵੀ ਕਰਦੇ ਰਹੇ, ਧਰਮ ਤੇ ਰਾਜਨੀਤੀ ਨੂੰ ਇਕੋ ਮਾਲਾ 'ਚ ਕੱਠੇ ਕੀਤਾ, ਕਦੇ ਕਾਮਰੇਡਾਂ ਨਾਲ, ਕਦੀ ਜਨਸੰਘੀਆਂ ਨਾਲ ਤੇ ਕਦੀ ਕਾਂਗਰਸ ਨਾਲ ਵੀ ਭਾਈਵਾਲੀ ਕਰ ਲਈ,

ਤੇ ਅਸੀਂ ਸਾਰੇ ਅਮਨ-ਪਸੰਦ ਲੋਕ, ਜਿਹੜੇ ਸਦਾ ਸੰਤ ਭਿੰਡਰਾਂਵਾਲੇ ਦੇ ਆਤੰਕਵਾਦੀ ਅਮਲਾਂ ਦੇ ਖਿਲਾਫ ਬੋਲਦੇ ਰਹੇ ਸਾਂ ਤੇ ਪੰਜਾਬ ਵਿਚ ਹੋਣ ਵਾਲੇ ਹਰ ਬੇ-ਬੁਨਿਆਦ ਕਤਲ ਨੂੰ ਨਿੰਦਦੇ ਰਹੇ ਸਾਂ, ਉਹ ਵੀ ਟੈਂਕਾਂ ਦੇ ਸਾਹਮਣੇ ਮਰਨ ਵਾਲੇ ਇਹਨਾਂ ਲੋਕਾਂ ਦੀ ਮੌਤ ਦੇ ਸਾਹਮਣੇ ਅੱਜ ਖਾਮੋਸ਼ ਖੜੇ ਰਹਿਣ ਲਈ ਮਜਬੂਰ ਹਾਂ। ਜੇ ਇਹ ਲੋਕ ਕਾਤਲ ਸਨ, ਮੁਜਰਮ ਸਨ, ਤਾਂ ਇਹਨਾਂ ਨੂੰ ਪਹਿਲੋਂ ਕਾਤਲ ਬਣਾਉਣ ਦੀ ਜ਼ਿੰਮੇਵਾਰੀ ਵੀ ਹਕੂਮਤ ਦੀ ਹੀ ਏ। ਇਹਨਾਂ ਨੂੰ ਹਰਿਮੰਦਰ ਸਾਹਿਬ ਪੁਚਾਉਣਾ ਵੀ ਇਸੇ ਸਾਜ਼ਿਸ਼ ਦਾ ਹੀ ਇਕ ਹਿਸਾ ਸੀ। ਬੜੇ ਤਾਮ-ਝਾਮ ਨਾਲ ਤੇ ਤੂਤੀਆਂ ਨਗਾਰਿਆਂ ਨਾਲ ਸੰਤ ਭਿੰਡਰਾਂ ਵਾਲੇ ਨੂੰ ਫੜ ਕੇ ਫਿਰ ਰਿਹਾ ਕਰ ਦੇਣਾ ਵੀ ਇਸੇ ਸਾਜ਼ਸ਼ ਦਾ ਹੀ ਇਕ ਹਿਸਾ ਸੀ। ਮਗਰੋਂ ਡੇਢ ਸਾਲ ਦੇ ਦੌਰਾਨ ਉਹਨੂੰ 'ਅਰੈਸਟ' ਨਾ ਕਰਨਾ ਤੇ ਹਾਲਾਤ ਨੂੰ ਇਸ 'ਕਲਾਈਮੈਕਸ' ਤੇ ਪੁਚਾ ਦੇਣਾ, ਇਹ ਸਭ ਕੁਝ ਬਹੁਤ ਗਹਿਰੀ ਸਾਜ਼ਿਸ਼ ਹੀ ਲਗ ਰਹੀ ਏ। ਤੇ ਹੁਣ, ਉਹਨਾਂ ਨੂੰ ਸ਼ਹੀਦ ਬਣਾ ਦਿਤਾ ਗਿਆ ਏ। ਤੇ ਖ਼ੁਦ ਹਕੂਮਤ, ਯਾਨੀ ਇੰਦਰਾ ਗਾਂਧੀ, ਮੁਲਕ ਨੂੰ ਬਚਾਉਣ ਵਾਲੀ ਹੀਰੋਇਨ, ਸਾਖ਼ਸ਼ਾਤ ਦੇਵੀ !

ਲਹੂ ਦੇ ਚੁਬੱਚੇ/ਅਜੀਤ ਕੌਰ/ਆਰਸੀ ਅਗਸਤ 1984

ਵਾਪਸ ਆਏ, ਤਾਂ ਇਕ ਅਜੀਬ ਤਰ੍ਹਾਂ ਦਾ ਵੱਢਾੜ ਸੀ। ਹਰ ਹਿੰਦੂ ਮਿਲਿਟਰੀ-ਐਕਸ਼ਨ ਨੂੰ ਠੀਕ ਕਹਿ ਰਿਹਾ ਸੀ, ਤੇ ਸਿਰਫ਼ ਹਰਿਮੰਦਰ ਸਾਹਿਬ ਦੇ ਅੰਦਰ ਜਮ੍ਹਾਂ ਕੀਤੇ ਗਏ ਗੋਲਾ-ਬਾਰੂਦ ਦੀ ਗੱਲ ਕਰ ਰਿਹਾ ਸੀ। ਤੇ ਹਰ ਸਿੱਖ ਖ਼ੂਨ ਦੀ ਉਸ ਹੋਲੀ ਦੀ ਗੱਲ ਕਰ ਰਿਹਾ ਸੀ ਜਿਹੜੀ ਹਰਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਖੇਡੀ ਗਈ।

ਹੋਰ ਤਾਂ ਹੋਰ, ਮੇਰੀ ਤੀਹਾਂ ਵਰ੍ਹਿਆਂ ਦੀ ਅਜ਼ੀਜ਼ ਦੋਸਤ ਤੋਸ਼ੀ ਕਹਿਣ ਲੱਗੀ, "ਪਰ ਜੀਤ, ਅੰਦਰ ਏਨਾ ਗੋਲਾ ਬਾਰੂਦ ਸੀ, ਉਹ ਕਿਉਂ ਇਕੱਠਾ ਕੀਤਾ ਹੋਇਆ ਸੀ ਉਹਨਾਂ ਨੇ?"

ਮੈਂ ਉਹਨਾਂ ਦੇ ਗੋਲੇ ਬਾਰੂਦ ਨੂੰ, ਰਾਈਫ਼ਲਾਂ ਤੇ ਮਸ਼ੀਨ ਗੰਨਾਂ ਨੂੰ ਜਸਟੀਫ਼ਾਈ ਨਹੀਂ ਕਰਦੀ। ਗ਼ਲਤ ਏ ਇਹ, ਕਿਸੇ ਵੀ ਮੰਦਰ ਗੁਰਦੁਆਰੇ ਵਿਚ ਮੌਤ ਦਾ ਇਹ ਸਾਮਾਨ ਰੱਖਣਾ। ਪਰ ਜੇ ਤੂੰ ਮੁਲਕ ਦੀ ਵੰਡ ਵੇਲੇ ਵਾਘਿਓਂ ਪਰਲੇ ਪਾਰ ਹੁੰਦੀ ਤਾਂ ਤੈਨੂੰ ਪਤਾ ਲੱਗਦਾ ਕਿ ਇਹ ਵੀ ਡਰ ਦੀ ਹੀ ਇਕ ਮੈਨੀਫ਼ੈਸਟੇਸ਼ਨ ਹੁੰਦੀ ਏ। ਉਂਜ ਉਹਨਾਂ ਨੂੰ ਇਹ ਨਹੀਂ ਸੀ ਕਰਨਾ ਚਾਹੀਦਾ। ਲੜਨਾ ਹੀ ਸੀ, ਬਚਾਅ ਕਰਨਾ ਹੀ ਸੀ ਤਾਂ ਕਿਸੇ ਹੋਰ ਥਾਂ ਤੋਂ ਕਰਦੇ, ਹਰਿਮੰਦਰ ਸਾਹਿਬ ਵਿਚ ਨਹੀਂ। ਪਰ ਫੇਰ ਵੀ, ਇਸ ਤਰ੍ਹਾਂ ਫ਼ੌਜ ਦਾ ਹਮਲਾ! ਜਿਵੇਂ ਕਿਸੇ ਦੂਜੇ ਮੁਲਕ ਉੱਤੇ ਚੜ੍ਹਾਈ ਕੀਤੀ ਹੋਵੇ। ਹਨੇਰ ਐ ਨਾ, ਕਿ ਅੰਦਰ ਜਿੰਨੇ ਵੀ ਬੰਦੇ ਸਨ, ਸਭ ਨੂੰ ਮਾਰ ਸੁਟਿਆ!"

"ਪਰ ਤੈਨੂੰ ਪਤਾ ਏ ਕਿ ਅੰਦਰੋਂ, ਸਰੋਵਰ ਵਿਚੋਂ, ਮਣਾਂ ਦੇ ਮਣ ਸੋਨੇ ਦੇ ਗਹਿਣੇ ਮਿਲੇ ਨੇ। ਔਹ ਜਿਹੜਾ ਕਰੋਲ ਬਾਗ਼ ਡਾਕਾ ਪਿਆ ਸੀ ਨਾ, ਉਹ ਗਹਿਣੇ ਵੀ ਉਥੋਂ ਹੀ ਲੱਭੇ ਨੇ।"

"ਅੱਛਾ, ਨਾਂ ਲਿਖਿਆ ਹੋਇਆ ਸੀ ਉਹਨਾਂ ਉਤੇ ਕਰੋਲ ਬਾਗ਼ ਵਾਲਿਆਂ ਦਾ? ਤੇ ਨਾਲੇ ਤੂੰ ਜਾ ਕੇ ਸਰੋਵਰ ਵਿਚੋਂ ਨਿਕਲਦੇ ਗਹਿਣੇ ਤੱਕ ਆਈ ਏਂ?" ਮੈਨੂੰ ਬਹੁਤ ਗੁੱਸਾ ਆ ਗਿਆ।

"ਮੇਰੇ ਨਾਲ ਕਾਹਨੂੰ ਲੜਨੀ ਏਂ! ਟੀ. ਵੀ. 'ਤੇ, ਰੇਡੀਓ 'ਤੇ, ਅਖ਼ਬਾਰਾਂ ਵਿਚ, ਸਭ ਥਾਂ ਤੇ ਇਹੀ ਖ਼ਬਰਾਂ ਨੇ।"

"ਕਿਉਂ ਨਾ ਹੋਣ। ਟੀ. ਵੀ. ਤੇ ਰੇਡੀਓ ਸਰਕਾਰੀ। ਅਖ਼ਬਾਰਾਂ ਉਹਨਾਂ ਲੋਕਾਂ ਦੀਆਂ ਜਿਨ੍ਹਾਂ ਨੇ ਹਰ ਦੂਜੇ ਦਿਨ ਸਰਕਾਰ ਕੋਲੋਂ ਲਾਈਸੈਂਸ ਲੈਣੇ ਹੁੰਦੇ ਨੇ, ਵਡੇ ਇੰਡਸਟਰੀ ਆਲਿਸਟ ਜਿਨ੍ਹਾਂ ਨੇ ਸਰਕਾਰ ਦੀ ਹੀ ਤੂਤੀ ਵਜਾਉਣੀ ਹੋਈ।"

ਉਹ ਤਾਂ ਚੁੱਪ ਹੋ ਗਈ, ਪਰ ਮੈਨੂੰ ਤੀਹਾਂ ਸਾਲਾਂ ਵਿਚ ਪਹਿਲੀ ਵਾਰੀ ਅਹਿਸਾਸ ਹੋਇਆ ਕਿ ਤੋਸ਼ੀ ਹਿੰਦੂ ਸੀ ਤੇ ਮੈਂ ਸਿੱਖ, ਏਸੇ ਕਰਕੇ ਅਸੀਂ ਦੋਵੇਂ ਵੱਖੋ ਵੱਖਰੀ ਤਰ੍ਹਾਂ ਸੋਚ ਰਹੀਆਂ ਸਾਂ।

ਜਦੋਂ ਕੁਰਸੀ ਹਿੱਲ ਗਈ, ਅੰਦੋਲਨ ਛੇੜ ਲਿਆ, 'ਜੈ ਕੁਰਸੀ।

ਮੈਡਮ ਅਜੀਤ ਜੀ, ਤਾਕਤ ਦਾ ਨਸ਼ਾ ਸ਼ਰਾਬ ਤੋਂ ਵੀ ਤੇਜ਼ ਹੁੰਦਾ ਹੈ, ਇੰਦਰਾ ਗਾਂਧੀ ਕੋਲ ਤਾਕਤ ਹੈ, ਉਸਨੂੰ ਨਸ਼ਾ ਹੈ, ਜਿਹਨਾਂ ਕੋਲ ਨਹੀਂ ਉਹ ਇਸ ਨਸ਼ੇ ਦੀ ਤਲਾਸ਼ ਵਿਚ, ਕਈ ਤਰ੍ਹਾਂ ਦੀਆਂ ਉਲਟ ਬਾਜ਼ੀਆਂ ਲਾਉਂਦੇ ਫਿਰਦੇ ਨੇ। ਸੰਤ ਜਰਨੈਲ ਸਿੰਘ ਇਹਨਾਂ ਦਾ ਹੀ ਬੰਦਾ, ਪਰ ਜਦ ਤਾਕਤ ਆਈ ਤਾਂ ਇਹਨਾਂ ਨੂੰ ਹੀ ਠੁੱਡ ਦਿਖਾ ਗਿਆ। ਇਹਨਾਂ ਲਈ ਹੀ ਭਸਮਾਸੁਰ ਬਣ ਗਿਆ। ਕੋਈ ਤਾਕਤ ਪ੍ਰਾਪਤ ਕਰਨ ਲਈ ਕਦੀ ਸੰਜੇ ਨੂੰ 'ਕਾਬੂ' ਕਰਦਾ ਹੈ, ਕੋਈ ਮੇਨਕਾ ਭਗਤ ਬਣਦਾ ਹੈ ਤੇ ਕਈ, ਪਦਮਸ਼੍ਰੀ ਦੇ ਖਿਤਾਬ ਨੂੰ ਵਗਾਹ ਮਾਰਦਾ ਹੈ, ਤਾਕਤ ਦਾ ਨਸ਼ਾ ਹੈ ਈ ਇਹੋ ਜਿਹੀ ਚੀਜ਼, ਕੀ ਤੁਸੀਂ ਆਪ ਕਿਸੇ ਅਜਿਹੇ ਹੀ ਚੱਕਰ ਵਿਚ ਤਾਂ ਨਹੀਂ ਉਲਝੇ ਹੋਏ? ਮੈਡਮ, ਸਾਵਧਾਨ! ਇਹ ਰਸਤਾ ਆਮ ਨਹੀਂ ਹੈ।

ਸੈਕੰਡ ਕਲਾਸ ਸਿਟੀਜ਼ਨ ਜਾਂ ਥਰਡ ਕਲਾਸ ਸਿਟੀਜ਼ਨ ਮਾਈਨਾਰਟੀ ਜਾਂ ਮੇਜਾਰਟੀ ਦੀ ਦੇਣ ਨਹੀਂ ਹੁੰਦਾ ਸਗੋਂ ਆਰਥਿਕਤਾ ਦੀ ਦੇਣ ਹੁੰਦਾ ਹੈ। ਕਈ ਏਸ਼ੀਅਨ ਯੂ.ਕੇ. 'ਚ ਵੀ ਰਾਜਭਾਗ ਦੇ ਹਿੱਸੇਦਾਰ ਹਨ, ਕਈ ਸਿੱਖ ਦੂਜੀਆਂ ਸਟੇਟਾਂ 'ਚ ਵੀ ਚੰਗੇ ਖਾਂਦੇ ਪੀਂਦੇ ਸ਼ਹਿਰੀ ਹਨ — ਤੇ ਹਿੰਦੂ ਮੈਜਾਰਿਟੀ ਵਾਲੇ ਦੇਸ਼ ਦੇ ਭਈਏ ਰੋਟੀ ਕੱਪੜੇ ਲਈ ਵੀ ਦੂਰ ਦੂਰ ਤਰਲੇ ਕਰਦੇ ਫਿਰ ਰਹੇ ਨੇ। ਟੁੱਟਿਆ ਭੱਜਿਆ ਪੰਜਾਬੀ ਵੀ ਉਹਨਾਂ ਨੂੰ ਝਾੜ ਕੇ ਬਿਠਾ ਦਿੰਦਾ ਹੈ। ਪੰਜਾਬ ਦੇ ਕਮਜ਼ੋਰ ਸਿੱਖ ਵੀ (ਮਜ਼ਬੀ, ਚੂਹੜੇ... ਸੀਰੀ) ਇਹੋ ਜਿਹੀ ਝਾੜ ਨਿੱਤ ਦਿਹਾੜੀ ਖਾਂਦੇ ਖਾਂਦੇ ਢੀਠ ਹੋਏ ਪਏ ਹਨ। ਪੰਜਾਬ ਦੇ ਕਮਜ਼ੋਰ ਹਿੰਦੂ ਕਿਹੜੇ ਫ਼ਸਟ ਕਲਾਸ ਸਿਟੀਜ਼ਨ ਬਣੇ ਹੋਏ ਹਨ—ਪੰਜਾਬ ਦੇ ਧਨਾਢ ਹਿੰਦੂ ਅਜੇ ਵੀ ਨੱਕ ਤੇ ਮੱਖੀ ਨਹੀਂ ਬਹਿਣ ਦਿੰਦੇ। ਗੱਲ ਮੋਟੀ ਤੇ ਭਾਰੀ ਜੇਬ ਦੀ ਹੈ—ਮਾਈਨਾਰਟੀ

ਇਹ ਕੀ ਕਰ ਦਿੱਤਾ, ਵੋਟਾਂ ਦੇ ਮੰਗਤਿਆਂ ਨੇ? ਕਿਹੋ ਜਿਹੀ ਸ਼ਤਰੰਜ ਖੇਡੀ ਇਹ, ਕਿ ਚੌਪੜ ਹੀ ਵਿਚਕਾਰੋਂ ਟੁੱਟ ਗਈ।

ਪੰਜਾਬੀ ਮਨਾਂ ਵਿਚ ਇਹ ਲਕੀਰ ਪਾ ਦੇਣ ਦਾ ਗੁਨਾਹ, ਕੋਈ ਵੀ ਇਤਿਹਾਸ ਮੁਆਫ਼ ਨਹੀਂ ਕਰੇਗਾ ਇਹਨਾਂ ਨੂੰ।

—ਲਹੂ ਦੇ ਦੁਬੱਚੇ/ਅਜੀਤ ਕੌਰ/ਆਰਸੀ, ਅਗਸਤ 84

ਦੀ ਨਹੀਂ—

ਇੰਦਰਾ ਗਾਂਧੀ ਨੇ ਜੇ ਇਹ ਸਾਰਾ ਡਰਾਮਾ ਵੋਟਾਂ ਲਈ ਕੀਤਾ ਤਾਂ ਅੱਤਵਾਦੀਆਂ ਨੇ ਇਹ ਕਾਹਦੇ ਲਈ ਕੀਤਾ। ਪਹਿਲਾਂ ਪੰਜ ਬੰਦੇ ਰੋਜ਼ ਮਾਰੋ, ਫੇਰ ਦੱਸ, ਫੇਰ ਪੰਜਾਹ ਤੇ ਗਿਣਤੀ ਦੇ ਸੌ ਤੱਕ ਪਹੁੰਚਦਿਆਂ ਹੀ ਪੰਜਾਬ ਖਾਲੀ ਹੋ ਜਾਏਗਾ। ਕਈ ਅਮਲੀਨੁਮਾ ਬੰਦਿਆਂ ਨੇ ਤਾਂ ਮਕਾਨਾਂ ਤੇ ਨਿਸ਼ਾਨ ਵੀ ਲਾਏ ਹੋਏ ਸਨ—ਇਹ ਮੇਰਾ, ਇਹ ਕਾਕਾ ਤੇਰਾ, ਇਹ ਧੀਏ ਤੁਹਾਡਾ....। ਸਮਝੌਤਾ ਹਾਲਾਂ ਕਿਉਂ ਨਾ ਹੋਇਆ ? ਹਰ ਧਿਰ ਇਹਨੂੰ ਲਮਕਾਉਣ ਦੇ ਹੱਕ 'ਚ ਸੀ—ਮਾਮਲਾ ਲਟਕ ਜਾਣ ਨਾਲ ਹਰ ਇਕ ਦੀ ਦੁਕਾਨਦਾਰੀ ਚਮਕਦੀ ਸੀ—ਫੇਰ ਅੱਤਵਾਦੀਆਂ ਕੋਲ ਆਨੰਦਪੁਰ ਦਾ ਮਤਾ ਜੋ ਸੀ ਗੱਲਬਾਤ ਤੋੜਨ ਲਈ ਵੱਡਾ ਅੜਿੱਕਾ ?

ਗੱਲ ਤਾਂ ਗਲੇ ਸੜੇ ਨਿਜ਼ਾਮ ਨੂੰ ਬਦਲਣ ਦੀ ਹੈ। ਮੰਨ ਲਉ ਤੁਹਾਡੇ ਤੇ ਖੁਸ਼ਵੰਤ ਦੇ ਖੁਆਬਾਂ ਦਾ ਖਾਲਿਸ-ਤਾਨ ਬਣ ਵੀ ਜਾਏ ਤਾਂ ਕੀ ਸਿੱਖ ਸਰਮਾਏਦਾਰ ਗਰੀਬ ਸਿੱਖ ਮਜ਼ਦੂਰ ਨੂੰ ਕਾਰਖਾਨੇ ਵਿਚ ਆਪਣਾ ਭਾਈਵਾਲ ਬਣਾ ਲਏਗਾ, ਜਾਗੀਰਦਾਰ ਜੱਟ ਸੀਰੀਆਂ ਤੇ ਕਾਮਿਆਂ ਨੂੰ ਜ਼ਮੀਨਦਾਰ ਬਣਾ ਦੇਣਗੇ—ਮੁਨਾਫਾਖੋਰੀ ਬੰਦ ਹੋ ਜਾਏ ਲੁੱਟ-ਖਸੁੱਟ ਨਹੀਂ ਹੋਵੇਗੀ, ਸ਼ੋਸ਼ਨ ਬੰਦ ਹੋ ਜਾਏਗਾ, ਜੇ ਇਹੋ ਜਿਹਾ ਕੋਈ ਖਾਲਿਸਤਾਨ ਤੁਸੀਂ ਦਿੱਲੀ ਦੇ ਦੋਵੇਂ ਅਦੀਬ ਆਪਣੇ ਜਜ਼ਬਾਤੀ ਭਾਸ਼ਣਾਂ ਨਾਲ ਬਣਾ ਸਕੋ ਤਾਂ ਮੈਂ ਸਭ ਤੋਂ ਪਹਿਲਾਂ ਅੰਮ੍ਰਿਤ ਛਕ ਕੇ ਸਿੰਘ ਸਜਣ ਨੂੰ ਤਿਆਰ ਹਾਂ। ਅੱਧਾ ਸਿੱਖ ਤਾਂ ਮੈਂ ਪਹਿਲਾਂ ਹੀ ਹਾਂ—ਮੋਨੇ ਸਿੱਖ ਤੇ ਮੇਰੇ 'ਚ ਫਰਕ ਹੀ ਕੀ ਹੈ—ਸਿਗਰਟ ਮੈਂ ਨਹੀਂ ਪੀਂਦਾ ? ਝੂਠ ਮੈਂ ਨਹੀਂ ਬੋਲਦਾ—ਬਚਪਨ 'ਚ ਸਾਰਾ ਜਪੁਜੀ ਸਾਹਿਬ ਮੈਂ ਯਾਦ ਕੀਤਾ ਹੋਇਆ ਸੀ—ਹੁਣ ਪੰਜਾਬੀ 'ਚ ਲਿਖਦਾ ਹਾਂ—

ਮੈਡਮ ਹੁਣ ਥੋੜਾ ਜ਼ਮੀਰ ਦੀ ਗੱਲ ਤੇ ਆਈਏ—ਤੁਸੀਂ ਆਪਣੇ ਸਾਰੇ ਲੇਖਣ 'ਚ ਮਜ਼ਲੂਮਾਂ, ਗਰੀਬਾਂ, ਬੇ-ਸਹਾਰਿਆਂ ਦੀ ਗੱਲ ਕਦੀ ਨਹੀਂ ਕੀਤੀ—ਲੋਅਰ ਮਿਡਲ ਕਲਾਸ ਦੇ ਹੋ ਕੇ ਅਪਰ ਮਿਡਲ ਕਲਾਸ ਦੀਆਂ ਬਾਤਾਂ ਪਾਉਂਦੇ ਰਹੇ। ਜਦੋਂ ਅਕਾਲੀ ਜਾਗੀਰਦਾਰੀ ਨੇ ਨਵੀਂ ਚੇਤਨਾ ਦੇ ਮੁੰਡਿਆਂ ਨੂੰ ਚੁਣ ਚੁਣ ਮਾਰਿਆ, ਉਹਨਾਂ ਦਾ ਘਾਣ ਬੱਚਾ ਕੀਤਾ, ਫਰਜ਼ੀ ਮੁਕਾਬਲੇ ਬਣਾਏ, ਘੁਲਾੜੀਆਂ 'ਚ ਉਹਨਾਂ ਦੀਆਂ ਲੱਤਾਂ ਬਾਹਵਾਂ ਪੀੜੀਆਂ, ਨਹੁੰ ਜਮੂਰਾਂ ਨਾਲ ਲੁਹਾਏ, ਉਦੋਂ ਤੁਸੀਂ ਕੀ ਕਰ ਰਹੇ ਸੀ—ਉਹਨਾਂ 'ਚੋਂ ਵੀ ਬਹੁਤੇ ਸਿੱਖ ਹੀ ਸਨ—ਉਦੋਂ ਸ਼ਾਇਦ ਤੁਸੀਂ ਫਾਲਤੂ ਔਰਤ, ਖੋਪੇ ਦੀ ਠੂਠੀ, ਪੰਜ ਰੁਪਏ ਵਾਲੀ ਗੱਲ ਵਰਗੀਆਂ ਸੈਕਸੀ ਕਹਾਣੀਆਂ ਦੇ ਪਲਾਟਾਂ ਤੇ ਕੰਮ ਕਰ ਰਹੇ ਸੀ ਜਾਂ ਆਪਣੇ ਇਸ਼ਕਾਂ ਦੀ ਅੱਗ ਸੇਕ ਰਹੇ ਸੀ—

ਬਹੁਤੇ ਲੋਕਾਂ ਦਾ ਕਿਆਸ ਇਹੀ ਹੈ ਕਿ ਇਹ ਸਾਰੀ ਖੇਡ ਸੋਚੀ ਸਮਝੀ ਤੇ ਗਿਣੀ-ਮਿਥੀ ਹੋਈ ਸੀ। ਇਹ ਗ੍ਰੀਕ ਟ੍ਰੈਜਿਡੀ ਪਹਿਲੋਂ ਹੀ ਬੜੀ ਸੁਆਰ ਕੇ ਜ਼ਿਹਨ ਵਿਚ ਲਿਖ ਲਈ ਹੋਈ ਸੀ, ਮਗਰੋਂ ਸਿਰਫ਼ ਸਟੇਜ ਕੀਤੀ ਗਈ। ਹਰ ਗੱਲਬਾਤ ਕਿਸ ਤਰ੍ਹਾਂ ਤੋੜ ਦਿੱਤੀ ਜਾਂਦੀ ਰਹੀ। ਇਹਦੇ ਬਾਰੇ ਤੁਸੀਂ ਸਾਰੇ ਹਰਕਿਸ਼ਨ ਸਿੰਘ ਸੁਰਜੀਤ ਦਾ ਆਰਟੀਕਲ ਆਰਸੀ ਵਿਚ ਪੜ੍ਹ ਹੀ ਚੁੱਕੇ ਹੋ। ਕੋਈ ਫ਼ੈਸਲਾ ਸਿਰੇ ਨਹੀਂ ਚੜ੍ਹਨ ਦਿੱਤਾ ਗਿਆ, ਕਿਉਂਕਿ ਹਕੂਮਤ ਨੂੰ ਇਹ ਪੱਕਾ ਪਤਾ ਸੀ ਇਸ ਤਰ੍ਹਾਂ ਲਮਕਾਈ ਰਖਣ ਨਾਲ ਘਟੋ ਘੱਟ ਇਹ ਸਮੱਸਿਆ ਤਾਂ ਸੁਲਝੇਗੀ ਤਾਂ ਸੁਲਝੇਗੀ ਨਹੀਂ, ਸਗੋਂ ਹੋਰ ਤੇਜ਼ ਹੋਵੇਗੀ, 'ਮੋਮੈਂਟਮ' ਫੜੇਗੀ। ਪਤਾ ਸੀ ਕਿ ਜਦੋਂ ਐਜੀਟੇਸ਼ਨ ਭਖੀ, ਕੁਝ ਕਤਲ ਹੋਏ, ਹਰਿਮੰਦਰ ਸਾਹਿਬ ਵਿਚ ਅਸਲਾ ਜਮ੍ਹਾਂ ਹੋਇਆ, ਹਿੰਦੂਆਂ ਵਿਚ ਰੋਸ ਵਧੇਗਾ। ਅਮਨ-ਪਸੰਦ ਅਕਾਲੀ ਲੀਡਰਾਂ ਦੇ ਹੱਥੋਂ ਮੋਰਚੇ ਦੀ ਵਾਗਡੋਰ ਨਿਕਲ ਕੇ 'ਜੰਗੀ' ਲੀਡਰਸ਼ਿਪ, ਯਾਨੀ ਸ਼ੁਰੂ ਵਿਚ ਕਾਂਗਰਸ ਵਲੋਂ ਭੇਜੇ ਗਏ ਸੰਤ ਭਿੰਡਰਾਂ ਵਾਲੇ ਦੇ ਹੱਥ ਵਿਚ ਆ ਜਾਵੇਗੀ। ਓਦੋਂ ਜਾਂ ਤੇ ਦੋਵੇਂ ਗਰੁੱਪ ਆਪਸ ਵਿਚ ਲੜਨਾ ਸ਼ੁਰੂ ਕਰ ਦੇਣਗੇ, ਤੇ ਫੇਰ ਬੜੀ ਸ਼ਾਨ ਨਾਲ ਫ਼ੌਜ ਨੂੰ ਅਮਨ ਕਾਇਮ ਕਰਨ ਲਈ ਹਰਿਮੰਦਰ ਸਾਹਿਬ ਦੇ ਅੰਦਰ ਭੇਜ ਕੇ ਵਾਹ ਵਾਹ ਖੱਟ ਲਈ ਜਾਵੇਗੀ; ਤੇ ਜੇ ਆਪਸ ਵਿਚ ਨਾ ਲੜੇ ਤਾਂ 'ਬਾਹਰਲੇ ਅਮਨ' ਦੀ ਖ਼ਾਤਰ ਫ਼ੌਜੀ ਕਾਰਵਾਈ ਕੀਤੀ ਜਾਏਗੀ। ਤੇ ਪੂਰੇ ਹਿੰਦੋਸਤਾਨ ਦੀ ਹਿੰਦੂ ਆਬਾਦੀ ਇਹੀ ਕਹੇਗੀ, 'ਬਚਾ ਲਿਆ ਇੰਦਰਾ ਗਾਂਧੀ ਨੇ ਮੁਲਕ ਨੂੰ। ਵਰਨਾ...।'

ਹਿੰਦੂ ਵੋਟਾਂ ਜੇਬ ਵਿਚ ! ਅਗਲੀਆਂ ਚੋਣਾਂ ਵਿਚ ਪੱਕੀ ਜਿੱਤ।

ਇਹ ਕਿਹੋ ਜਿਹੀ ਰਾਜਨੀਤੀ ਏ, ਹਕੂਮਤ ਦਾ ਇਹ ਕਿਹੋ ਜਿਹਾ ਨਸ਼ਾ ਏ, ਜਿਹੜਾ ਬੰਦੇ ਨੂੰ ਲਾਸ਼ਾਂ ਦੇ ਉਤੋਂ ਦੀ ਤੋਰ ਕੇ ਲੈ ਜਾਂਦਾ ਏ ਤੇ ਉਹਦੀ ਜ਼ਮੀਰ ਖ਼ਾਮੋਸ਼ ਰਹਿੰਦੀ ਏ।

—ਲਹੂ ਦੇ ਚੁਬੱਚੇ/ਅਜੀਤ ਕੌਰ/ਆਰਸੀ ਅਗਸਤ 1984.

ਸੋ ਮੁਹਤਰਮਾ ਅਜੀਤ ਕੌਰ ਜੀ, ਇਸ ਹਮਾਮ 'ਚ ਸਭ ਨੰਗੇ ਹਨ—ਇਸਬਗੋਲ ਤੇ ਕੁਝ ਨਾ ਫ਼ਰੋਲ—ਜੇ ਇੰਦਰਾ ਸਰਕਾਰ ਨੇ, ਅਕਾਲੀਆਂ ਨੇ ਆਪਣੀ ਸਿਆਸਤ ਨੂੰ ਮੂਹਰੇ ਰਖਿਆ, ਆਪਣਾ ਆਪਣਾ ਹਿੱਤ ਪੂਰਿਆ, ਆਪਣੇ ਫਰਜ਼ਾਂ ਤੋਂ ਕੁਤਾਹੀ ਕੀਤੀ ਤਾਂ ਪੰਜਾਬੀ ਦੇ ਅਦੀਬਾਂ ਦਾ ਵੀ ਦੋਸ਼ ਘੱਟ ਨਹੀਂ—ਉਹ ਦੋ ਦਾਹੀਂ ਸਾਲ ਜਮਾਂ ਹੀ ਗੂੰਗੇ, ਬੋਲੇ ਤੇ ਅੰਨ੍ਹੇ ਬਣੇ ਰਹੇ—ਹੁਣ ਹਵਾ 'ਚ

ਤਲਵਾਰਾਂ ਚਲਾਉਣ ਦਾ ਕੀ ਲਾਭ ?

ਮੈਡਮ, ਹੁਣ ਜਜ਼ਬਾਤਾਂ 'ਚ ਰੁੜ੍ਹਨ ਦਾ ਵੇਲਾ ਨਹੀਂ । ਇਹੋ ਜਿਹੇ ਲੇਖ ਲਿਖ ਕੇ ਦੁੱਖ ਨੂੰ ਹੋਰ ਜ਼ਿਆਦਾ ਵਧਾਉਣ ਨਾਲ ਕੁਝ ਹੱਥ ਪੱਲੇ ਨਹੀਂ ਪੈਣ ਲੱਗਾ—ਇਹੋ ਜਿਹੇ ਲੇਖ ਗੱਲ ਨੂੰ ਸੰਵਾਰਨ ਦੀ ਥਾਂ ਵਿਗਾੜਦੇ ਹੀ ਨੇ। ਹੁਣ ਦਿਲ ਦੀ ਥਾਂ ਦਿਮਾਗ ਦੀ ਗੱਲ ਸੁਨਣ ਦੀ ਜ਼ਿਆਦਾ ਲੋੜ ਹੈ । ਫਜ਼ੂਲ ਦੀਆਂ ਗੱਲਾਂ ਤੋਂ ਲੋਕਾਂ ਦਾ ਧਿਆਨ ਹਟਾ ਕੇ ਵਰਗ ਸੰਘਰਸ਼ ਵੱਲ ਪ੍ਰੇਰਣ ਦੀ ਜ਼ਿਆਦਾ ਲੋੜ ਹੈ ਤਾਂ ਕਿ ਇਹ ਲੜਾਈ ਇਕ ਫਿਰਕੇ ਦੀ ਲੜਾਈ ਨਾ ਰਹਿ ਕੇ ਸਾਰੀ ਮਨੁੱਖਤਾ ਦੀ ਲੜਾਈ ਬਣ ਸਕੇ। ਸਮਾਂ ਹੀ ਸ਼ਹੀਦ ਪੈਦਾ ਕਰਦਾ ਹੈ—ਕੋਈ ਬੰਦਾ ਕਿਸੇ ਨੂੰ ਸ਼ਹੀਦ ਨਹੀਂ ਬਣਾ ਸਕਦਾ ਅਤੇ ਨਾ ਹੀ ਕਿਸੇ ਦੀ ਸ਼ਹਾਦਤ ਨੂੰ ਰੋਕ ਸਕਦਾ ਹੈ । ਅੰਗਰੇਜ਼ ਜਾਂ ਮੁਸਲਮਾਨ ਹਿਸਟੋਰੀਅਨ ਵੀ ਗੁਰੂ ਗੋਬਿੰਦ ਸਿੰਘ ਨੂੰ ਸ਼ਹੀਦ ਬਨਣੋ ਨਹੀਂ ਰੋਕ ਸਕੇ—ਉਹ ਸਾਡੀ ਕੌਮ ਦੇ ਮੰਨੇ ਪ੍ਰਮੰਨੇ ਸ਼ਹੀਦ ਬਣ ਗਏ । ਲੋੜ ਹੈ ਸਾਂਝੇ ਸ਼ਹੀਦ ਪੈਦਾ ਕਰਨ ਦੀ ਜੋ ਭੁੱਖ, ਗਰੀਬੀ, ਜਹਾਲਤ ਤੇ ਬਿਮਾਰੀ ਦੇ ਖਿਲਾਫ ਜਿਹਾਦ ਛੇੜਨ—ਹਿੰਦੂ, ਮੁਸਲਮਾਨ, ਸਿੱਖਾਂ ਤੇ ਈਸਾਈਆਂ ਦੇ ਖਿਲਾਫ ਕਾਹਦੀ ਜੰਗ । ਫਿਰਕੂ ਤਾਕਤਾਂ ਨੂੰ ਨੱਥ ਪਾਉਣ ਦੀ ਸਖ਼ਤ ਲੋੜ ਹੈ । ਧਰਮ ਦੇ ਆਧਾਰ ਤੇ ਮੁਸਲਮਾਨਾਂ ਨੇ ਪਾਕਿਸਤਾਨ ਸਟੇਟ ਬਣਾ ਕੇ ਕੀ ਲੱਲ੍ਹਤ ਲਾ ਲਏ ? ਅੱਗੇ ਹੀ ਕਾਫੀ ਨੁਕਸਾਨ ਹੋ ਚੁੱਕਿਆ ਹੈ । ਵਲੂੰਧਰੇ ਨਾਸੂਰ ਨੂੰ ਹੋਰ ਨਾ ਵਲੂੰਧਰੋ । ਇਹੋ ਜਿਹੇ ਵੇਲੇ ਦਿਲ ਸਾਡੀ ਚੰਗੀ ਤਰ੍ਹਾਂ ਅਗਵਾਈ ਨਹੀਂ ਕਰ ਸਕਦਾ—ਦਿਮਾਗ਼ ਹੀ ਕਰ ਸਕਦਾ ਹੈ—'ਅਲੀ ਬਾਬਾ ਦੀ ਮੌਤ' ਵਰਗੀਆਂ ਕਹਾਣੀਆਂ ਹੀ ਹੁਣ ਕੁਝ ਸੁਆਰ ਸਕਦੀਆਂ ਹਨ (ਭਾਵੇਂ ਉਹ ਐਕਸੀਡੈਂਟਲ ਹੀ ਲਿਖੀਆਂ ਗਈਆਂ ਹੋਣ ਤੇ ਭਾਵੇਂ ਉਹਦੇ 'ਚ ਤੁਹਾਡਾ ਆਪਣਾ ਹੀ ਜ਼ੋਰ ਜ਼ਿਆਦਾ ਕਿਉਂ ਨਾ ਹੋਵੇ)

ਕਦੀ ਕਦੀ ਆਪਣੀ ਜ਼ਮੀਰ ਦੀ ਆਵਾਜ਼ ਸੁਨਣ 'ਚ ਵੀ ਕੋਈ ਹਰਜ ਨਹੀਂ ਹੁੰਦਾ ।

---

## ਇਕ ਮਜ਼ਦੂਰ ਬਨਾਮ ਡਾਕਟਰ

ਤੀਸਰੀ ਦੁਨੀਆ ਦੇ ਭੁੱਖੇ ਤੇ ਗਰੀਬ ਲੋਕਾਂ ਲਈ ਡਾਕਟਰੀ ਸਹੂਲਤਾਂ ਨੂੰ ਹੁਣ ਸਮਾਜ ਦੇ ਪ੍ਰਸੰਗ ਵਿਚ ਇਕ ਹੋਰ ਦ੍ਰਿਸ਼ਟੀ ਨਾਲ ਵੇਖਿਆ ਜਾ ਰਿਹਾ ਹੈ । ਸਮਾਜਕ ਚੇਤਨਾ ਰਖਣ ਵਾਲੇ ਡਾਕਟਰ ਇਹ ਮਹਿਸੂਸ ਕਰ ਰਹੇ ਹਨ ਕਿ ਰੋਗਾਂ ਦਾ ਕਾਰਨ ਉਹ ਸਮਾਜਕ ਸਿਸਟਮ ਹੈ, ਜਿਸ ਵਿਚ ਲੋਕਾਂ ਕੋਲ ਰਹਿਣ ਲਈ, ਪਹਿਨਣ ਲਈ, ਖਾਣ ਲਈ ਕੁੱਲੀ, ਜੁੱਲੀ ਤੇ ਗੁੱਲੀ ਨਹੀਂ । ਚੰਗਾ ਜੀਣ ਲਈ ਕੋਈ ਸਹੂਲਤ ਨਹੀਂ । ਹਿੰਦੋਸਤਾਨ ਭਰ ਵਿਚ ਚੇਤਨ ਡਾਕਟਰ ਆਪਣੇ ਆਪ ਨੂੰ ਇਕ ਲਹਿਰ ਵਿਚ ਜਥੇਬੰਦ ਕਰਨ ਦਾ ਯਤਨ ਕਰ ਰਹੇ ਹਨ, ਜੋ ਇਸ ਸਿਸਟਮ ਨੂੰ ਬਦਲਣ ਵਾਲੇ ਵਚਣਬੱਧ ਲੋਕਾਂ ਦੀ ਸਹਿਯੋਗੀ ਹੋ ਸਕੇ । ਇਹਨਾਂ ਚੇਤਨ ਡਾਕਟਰਾਂ ਦੀ ਇਕ ਟੀਮ ਵਲੋਂ ਇਕ ਮੈਗਜ਼ੀਨ SOCIAL HEALTH REVIEW ਕਢਿਆ ਗਿਆ ਹੈ । ਪਤਾ: 19 June Blossom Society,60 A,Pali Road Bandra (WEST)Bombay 400050 ਹੈ । (ਸਾਲਾਨਾ ਚੰਦਾ 20/- ਅਮਰੀਕਾ ਯੋਰਪ ਤੇ ਜਾਪਾਨ ਲਈ 20 ਅਮਰੀਕੀ ਡਾਲਰ) ਹੈ । ਹੇਠਲੀ ਲਿਖਤ ਇਸ ਮੈਗਜ਼ੀਨ ਵਿਚੋਂ ਅਨੁਵਾਦ ਕਰਕੇ ਸਮਤਾ ਦੇ ਪਾਠਕਾਂ ਲਈ ਸਾਂਝੀ ਕੀਤੀ ਜਾ ਰਹੀ ਹੈ/ਸੰਪਾਦਕ

---

ਅਸੀਂ ਤੁਹਾਡੇ ਕੋਲ ਆਏ ਹਾਂ ।
ਕਿਉਂਕਿ ਸਾਨੂੰ ਦਸਿਆ ਗਿਆ ਹੈ
ਕਿ ਅਸੀਂ ਬਿਮਾਰ ਹਾਂ,
ਤੇ ਤੁਸੀਂ ਸਾਡਾ ਇਲਾਜ਼ ਕਰਨਾ ਹੈ
ਪਰ ਅਸੀਂ ਜਾਣਦੇ ਹਾਂ ਕਿ
ਅਸੀਂ ਬਿਮਾਰ ਕਿਉਂ ਹਾਂ ?

ਸਾਨੂੰ ਦਸਿਆ ਗਿਆ ਹੈ ਕਿ ਤੁਸੀਂ
ਦਸਾਂ ਸਾਲਾਂ ਦੀ ਡਾਕਟਰੀ ਪੜ੍ਹਾਈ ਕੀਤੀ ਹੈ
ਉਹਨਾਂ ਵਿਦਿਯਾ ਘਰਾਂ ਵਿਚ
ਜਿਹੜੇ ਲੋਕਾਂ ਦੀ ਕਮਾਈ ਉਤੇ ਚਲਦੇ ਹਨ,
ਤੁਹਾਡੇ ਕੋਲ ਜਿਹੜਾ ਗਿਆਨ ਹੈ
ਉਹ ਲੈਣ ਲਈ ਵਡਾ ਪੈਸਾ ਲਗਿਆ ਹੈ ।
ਤੇ ਸਮਾਂ ਵੀ ਦਸ ਸਾਲ ਦਾ ਘੱਟ ਨਹੀਂ
ਇਸ ਲਈ ਤੁਸੀਂ ਇਸ ਯੋਗ ਹੋਣੇ ਚਾਹੀਦੇ ਹੋ
ਕਿ ਸਾਡਾ ਇਲਾਜ ਕਰ ਸਕੋ
ਪਰ ਕੀ ਤੁਸੀਂ ਇਹ ਕਰ ਸਕੋਗੇ ?
ਅਸੀਂ ਜਦੋਂ ਤੁਹਾਡੇ ਕੋਲ ਆਂਦੇ ਹਾਂ
ਸਾਡੇ ਲੀਰਾਂ ਵਰਗੇ ਕਪੜੇ ਲਾਹ ਲਏ ਜਾਂਦੇ ਹਨ
ਅਤੇ ਤੁਸੀਂ ਕੰਨਾਂ ਨਾਲ ਜੰਤਰ ਲਗਾਕੇ
ਸਾਡੇ ਨੰਗੇ ਜਿਸਮਾਂ ਨੂੰ ਟੋਂਹਦੇ ਹੋ
ਟੁਣਕਾਦੇ ਹੋ,
ਪਰ ਤੁਸੀਂ ਜੇਕਰ ਸਾਡੇ ਲੀਰਾਂ ਵਰਗੇ

ਕਪੜਿਆਂ ਵਲ ਝਾਤ ਮਾਰੋ ਤਾਂ
ਤੁਹਾਨੂੰ ਇਸ ਤੋਂ ਵੱਧ ਪਤਾ ਲਗ ਜਾਏਗਾ
ਕਿ ਕਾਰਨ ਕੀ ਹੈ ?
ਕਾਰਨ ਇਕੋ ਹੈ
ਜਿੰਨੇ ਸਾਡੇ ਕਪੜੇ ਵੀ ਲੀਰੋ ਲੀਰ ਕੀਤੇ ਹਨ
ਤੇ ਸਾਡੇ ਜਿਸਮ ਵੀ ਲੀਰੋ ਲੀਰ ਕੀਤੇ ਹਨ
ਤੁਸੀਂ ਕਹਿੰਦੇ ਹੋ,
ਕਿ ਸਾਡੇ ਮੋਢਿਆਂ ਦੀ ਜੋ ਪੀੜ ਹੈ
ਉਹ ਸਿਲ ਕਰਕੇ ਹੈ, ਸਲ੍ਹਾਬ ਕਰਕੇ ਹੈ
ਅਸੀਂ ਵੀ ਜਾਣਦੇ ਹਾਂ
ਇਹ ਸਿਲ ਕਰਕੇ ਹੈ, ਸਲ੍ਹਾਬ ਕਰਕੇ ਹੈ
ਪਰ ਇਹ ਸਿਲ ਇਹ ਸਲ੍ਹਾਬ ਆਈ ਕਿਥੋਂ ਹੈ ?
ਤੁਹਾਡਾ ਨੁਸਖਾ ਕਹਿਦਾ ਹੈ
ਬਹੁਤੀ ਮੁਸ਼ੱਕਤ ਅਤੇ ਨਾਕਾਫੀ ਖੁਰਾਕ ਨੇ
ਸਾਨੂੰ ਕਮਜ਼ੋਰ ਤੇ ਨਿਢਾਲ ਕਰ ਦਿਤਾ ਹੈ
ਨੁਸਖਾ ਕਹਿੰਦਾ ਹੈ, ਹੋਰ ਖੁਰਾਕ ਖਾਓ
ਇਹ ਤਾਂ ਇਸ ਤਰ੍ਹਾਂ ਹੈ
ਜੇਕਰ ਕੋਈ ਭੁੱਖੇ ਨੂੰ ਕਹੇ
ਰੋਟੀ ਨਹੀਂ ਮਿਲਦੀ ਬਿਸਕੁਟ ਖਾਓ ।
ਤੁਸੀਂ ਸੁਝਾਅ ਦੇਓਗੇ, ਮਸ਼ਵਰਾ ਦੇਓਗੇ
ਇਕ ਹਜ਼ਾਰ ਵਾਰ ਇਹ ਮਸ਼ਵਰਾ ਦੇਓਗੇ
ਤੇ ਇਸ ਮਸ਼ਵਰੇ ਦੀ ਫੀਸ ਨਾਲ
ਤੁਹਾਡੇ ਘਰ ਗ਼ਲੀਚੇ ਵਿਛਣਗੇ
ਜਿਹੜੇ ਸਿਲ ਨੂੰ ਸਲ੍ਹਾਬ ਨੂੰ
ਤੁਸਾਂ ਤਕ ਨਹੀਂ ਪੁਜਣ ਦੇਣਗੇ,
ਕਿਉਂਕਿ ਇਹ ਸਿਲ ਤੇ ਸਲ੍ਹਾਬ ਬਿਮਾਰੀ ਦੀ ਜੜ੍ਹ ਹਨ
ਪਰ ਅਸੀਂ
ਇਸ ਸਿਲ ਤੋਂ ਇਸ ਸਲ੍ਹਾਬ ਤੋਂ ਬਚ ਨਹੀਂ ਸਕਦੇ ।
ਹੁਣ ਤੁਸੀਂ ਕਹੋਗੇ,
ਤੁਹਾਡਾ ਇਸ ਵਿਚ ਕੀ ਕਸੂਰ ਹੈ ?
ਸਿਲ ਤੇ ਸਲ੍ਹਾਬ
ਸਾਡੀਆਂ ਕੰਧਾਂ ਤੇ ਵੀ ਚੜ੍ਹੀ ਹੈ,
ਜਿਸ ਤਰ੍ਹਾਂ
ਸਾਡੇ ਤਾਂ ਜਿਸਮਾਂ ਤੇ ਇਹ ਚੜ੍ਹੀ ਹੈ ।
ਕੀ ਤੁਸੀਂ ਇਹਦਾ ਇਲਾਜ ਕਰ ਸਕੋਗੇ ?
ਤੁਸੀਂ ਜਿਨ੍ਹਾਂ ਨੇ ਦਸ ਸਾਲ ਡਾਕਟਰੀ ਪੜ੍ਹੀ ਹੈ
ਉਹਨਾਂ ਵਿਦਿਯਾ ਘਰਾਂ ਵਿਚ
ਜਿਹੜੇ ਲੋਕਾਂ ਦੇ ਪੈਸੇ ਤੇ ਚਲਦੇ ਹਨ ।

o —ਬਰਟੋਲਟ ਬਰੈਖਤ

---

ਇਕ ਨੋਟ :

## ਕਥਿਤ ਬਾਜ਼ਾਂ ਦੀ ਹਕੀਕਤ

ਬਰਟੋਲਟ ਬਰੈਖਤ ਦੇ ਪ੍ਰਸਿੱਧ ਨਾਟਕ 'ਗਲੀਲੀਓ' ਦੇ ਵਿਚ ਇਕ ਵਾਰਤਾਲਾਪ ਉਸ ਵੇਲੇ ਆਂਦਾ ਹੈ, ਜਦੋਂ ਗਲੀਲੀਓ ਆਪਣੀ ਜਾਨ ਬਚਾਉਣ ਦੀ ਖਾਤਰ ਆਪਣੀ ਵਿਗਿਆਨਕ ਖੋਜ ਦੇ ਉਲਟ ਪਾਦਰੀਆਂ ਅੱਗੇ ਇਹ ਮੰਨ ਜਾਂਦਾ ਹੈ ਕਿ 'ਧਰਤੀ ਸੂਰਜ ਦੇ ਦੁਆਲੇ ਨਹੀਂ ਸਗੋਂ ਸੂਰਜ ਧਰਤੀ ਦੇ ਦੁਆਲੇ ਘੁੰਮਦਾ ਹੈ' । ਉਹਦੇ ਇਕ ਸ਼ਾਗਿਰਦ ਦੀਆਂ ਨਜ਼ਰਾਂ ਵਿਚ ਇਹ ਇਕ ਨਾਇਕ' ਦੀ ਮੌਤ ਹੈ । ਉਹ ਘੋਰ ਮਾਯੂਸੀ ਵਿਚ ਕਹਿੰਦਾ ਹੈ :

"ਕਿੰਨੀਆਂ ਬਦਕਿਸਮਤ ਨੇ ਉਹ ਕੌਮਾਂ ਜਿਨ੍ਹਾਂ ਕੋਲ ਕੋਈ ਨਾਇਕ ਨਹੀਂ" ।

ਗਲੀਲੀਓ ਦਾ ਜਵਾਬ ਹੁੰਦਾ ਹੈ :

"ਕੌਮਾਂ ਉਹੀ ਬਦਕਿਸਮਤ ਨੇ, ਜਿੰਨ੍ਹਾਂ ਨੂੰ ਨਾਇਕ ਦੀ ਲੋੜ ਹੈ" ।

ਇਹ ਵਾਰਤਾਲਾਪ ਅੱਜ ਦੇ ਪੰਜਾਬ ਦੇ ਸੰਦਰਭ ਵਿਚ ਅਤੇ ਖਾਸ ਕਰਕੇ ਸਿੱਖਾਂ ਦੇ ਧਾਰਮਿਕ ਭਾਈਚਾਰੇ ਦੇ ਸੰਦਰਭ ਵਿਚ ਬੜੀ ਮਹੱਤਤਾ ਰੱਖਦੀ ਹੈ । ਵੀਹਵੀਂ ਸਦੀ ਵਿਚ ਧਰਮ ਉਤੇ ਆਧਾਰਤ ਮੱਧਯੁਗੀ ਸਿਆਸਤ ਨੂੰ ਆਧਾਰ ਬਣਾਉਣ ਕਰਕੇ ਹੋਈਆਂ ਹਾਰਾਂ ਦੇ ਕਾਰਨ ਸਿੱਖ ਅਵਾਮ ਮਾਯੂਸੀ ਅਤੇ ਨਮੋਸ਼ੀ ਦੀ ਹਾਲਤ ਵਿਚ ਹੈ । ਬਜਾਏ ਇਸ ਦੇ ਕਿ ਆਪਾਂ ਪੜਚੋਲ ਕਰਕੇ ਅੱਗੇ ਲਈ ਸਹੀ ਸਿਆਸਤ ਦੀ ਪਹਿਚਾਣ ਕੀਤੀ ਜਾਏ, ਸਗੋਂ ਇਹ ਰੁਚੀ ਪਰਚਾਰੀ ਜਾ ਰਹੀ ਹੈ ਕਿ ਜਿਸ ਤਰ੍ਹਾਂ, ਇਸ ਭਾਈਚਾਰੇ ਨੂੰ ਇਕ 'ਨਾਇਕ' ਦੀ ਲੋੜ ਹੈ, ਜੋ ਇਸ ਭੀੜ ਦੇ ਸਮੇਂ ਕੌਮ ਨੂੰ ਅਗਵਾਈ ਦੇ ਸਕੇ । ਇਸੇ ਰੁਚੀ ਅਧੀਨ ਬਹੁਤੇ ਇਹ ਆਸ ਲਗਾਈ ਬੈਠੇ ਹਨ ਕਿ ਨਾਇਕ ਭਿੰਡਰਾਂਵਾਲਾ ਹਾਲੀ ਜੀਂਦਾ ਹੈ ਤੇ ਕੋਈ ਨਾ ਕੋਈ ਕੌਤਕ ਉਹ ਛੇਤੀ ਵਿਖਾਵੇਗਾ, ਇਸੇ ਆਸ ਵਿਚ ਇੱਲਾਂ ਤੇ ਸ਼ਿਕਰਿਆਂ ਨੂੰ 'ਗੁਰੂ ਗੋਬਿੰਦ ਸਿੰਘ' ਦੇ ਭੇਜੇ ਹੋਏ ਬਾਜ਼ਾਂ ਦਾ ਦਰਜਾ ਦੇ ਕੇ ਇਹ ਉਮੀਦਾਂ ਲਗਾਈਆਂ ਜਾ ਰਹੀਆਂ ਹਨ ਕਿ ਇਹਨਾਂ ਬਾਜ਼ਾਂ ਦੇ ਰੂਪ ਵਿਚ ਗੁਰੂ ਗੋਬਿਦ ਸਿੰਘ ਆਪ ਡੁੱਬਦੀ ਕੌਮ ਦੀ ਰਹਿਨੁਮਾਈ ਕਰਨ ਆਉਣਗੇ । ਇਹਨਾਂ ਕਥਿਤ ਬਾਜ਼ਾਂ ਬਾਰੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਨੇ ਇਕ ਖੋਜ ਕੀਤੀ ਹੈ, ਜਿਸਦਾ ਵੇਰਵਾ ਇੰਡੀਅਨ ਐਕਸਪ੍ਰੈਸ ਅਖਬਾਰ ਦੇ 8

ਸਤੰਬਰ ਦੇ ਅੰਕ ਵਿਚ ਆਇਆ ਹੈ। ਇਸ ਖੋਜ ਦੀ ਅਗਵਾਈ ਡਾਕਟਰ ਮਨਜੀਤ ਸਿੰਘ ਢਿੰਡਸਾ ਨੇ ਕੀਤੀ ਹੈ, ਜੋ ਇਸ ਯੂਨੀਵਰਸਿਟੀ ਵਿਚ ਪੰਛੀਆਂ ਦੀ ਖੋਜ ਵਿਭਾਗ ਦੇ ਮੁੱਖੀ ਹਨ, ਇਸ ਖੋਜ ਦਾ ਨਿਚੋੜ ਹੈ : ਇਹ ਕਥਿਤ ਬਾਜ਼ ਅਸਲ ਵਿਚ ਬਾਜ਼ ਵੰਸ਼ ਵਿਚੋਂ ਨਹੀਂ, ਸਗੋਂ ਇੱਲਾਂ ਤੇ ਸ਼ਿਕਰੇ ਵੰਸ਼ ਵਿਚੋਂ ਹਨ, ਜਿਨ੍ਹਾਂ ਦੀ ਮੁੱਖ ਖੁਰਾਕ ਚੂਹੇ ਤੇ ਡੱਡੂ ਹਨ, ਜਿਸ ਤਰ੍ਹਾਂ ਗਿਰਝਾਂ ਦੀ ਮੁੱਖ ਖੁਰਾਕ ਮੁਰਦਾ ਡੰਗਰ ਹੁੰਦੇ ਹਨ। ਇਹਨਾਂ ਸਾਲਾਂ ਵਿਚ ਪੰਜਾਬ ਦੀ ਖੇਤੀ ਵਿਚ ਬੜੀ ਵੱਡੀ ਮਾਤਰਾ ਵਿਚ ਕੀੜੇਮਾਰ ਦਵਾਈਆਂ ਵਰਤੇ ਜਾਣ ਕਰਕੇ ਫਸਲ ਦੇ ਦਾਣਿਆਂ ਵਿਚ ਨਾਮਲੂਮ ਮਾਤਰਾ ਵਿਚ ਜ਼ਹਿਰ ਜਮਾਂ ਹੁੰਦਾ ਜਾਂਦਾ ਹੈ, ਜਿੰਨਾਂ ਦਾ ਅਸਰ ਪੀੜੀਆਂ ਦਰ ਪੀੜੀਆਂ ਅੱਗੇ ਚਲਦਾ ਰਹਿੰਦਾ ਹੈ। ਚੂਹੇ ਇਹ ਦਾਣਾ ਖਾਂਦੇ ਹਨ, ਉਹਨਾਂ ਦੇ ਜਿਸਮਾਂ ਵਿਚ ਇਹ ਜ਼ਹਿਰ ਹੁੰਦਾ ਹੈ। ਇੱਲਾਂ ਸ਼ਿਕਰੇ ਆਦਿਕ ਅੱਗੋਂ ਇਹਨਾਂ ਚੂਹਿਆਂ ਤੇ ਝਪਟਦੀਆਂ ਹਨ ਤੇ ਇਹ ਜ਼ਹਿਰ ਹੌਲੇ ਹੌਲੇ ਉਹਨਾਂ ਦੇ ਜਿਸਮਾਂ ਵਿਚ ਵੀ ਜਾਂਦਾ ਹੈ ਤੇ ਉਹ ਹੌਲੇ ਹੌਲੇ ਬਿਮਾਰ ਹੋ ਕੇ ਮੌਤ ਵੱਲ ਵੱਧਦੇ ਹਨ, ਬਹੁਤ ਸਾਰੇ ਕਥਿਤ ਬਾਜ਼ ਇਹ ਇੱਲਾਂ ਤੇ ਸ਼ਿਕਰੇ ਹੀ ਹਨ ਜੋ ਜ਼ਹਿਰ ਚੜ੍ਹਨ ਨਾਲ ਇਤਨੇ ਨਿਰਬਲ ਹੋ ਗਏ ਹਨ ਕਿ ਉਹ ਉਚੇ ਅਸਮਾਨ ਵਿਚ ਉਡ ਨਹੀਂ ਸਕਦੇ ਤੇ ਧਰਤੀ ਵੱਲ ਥੱਲੇ ਆਏ ਹਨ। ਧਰਤੀ ਵੱਲ ਆਪਣੇ ਸਫਰ ਦੌਰਾਨ ਬਹੁਤੀ ਵਾਰ ਉਹਨਾਂ ਨੇ ਆਪਣੀ ਉਚੀ ਥਾਂ ਬਹਿਣ ਦੀ ਫਿਤਰਤ ਅਧੀਨ ਆਪਣਾ ਪਹਿਲਾ ਪੜਾਅ ਨਿਸ਼ਾਨ ਸਾਹਿਬ ਜਾਂ ਗੁਰਦੁਆਰਿਆਂ ਦੀਆਂ, ਬੁਰਜੀਆਂ ਬਣਾਇਆ। ਉਥੇ ਇਹਨਾਂ ਦਾ ਜਦੋਂ ਨੋਟਿਸ ਲਿਆ ਗਿਆ ਤਾਂ ਸੰਗਤਾਂ ਨੇ ਇਹਨਾਂ ਨੂੰ ਸੰਕਟ ਦੀ ਘੜੀ ਗੁਰੂ ਗੋਬਿੰਦ ਸਿੰਘ ਦੇ ਭੇਜੇ ਬਾਜ਼ ਹੀ ਸਮਝਿਆ, ਉਚੀ ਥਾਂ ਤੋਂ ਉਡ ਕੇ ਜਦੋਂ ਉਹ ਹੋਰ ਥੱਲੇ ਆਂਦੇ ਤਾਂ ਦਰਖਤ ਜਾਂ ਖੰਭੇ ਜਾਂ ਜ਼ਮੀਨ ਤੋਂ ਇਹਨਾਂ ਨੂੰ ਬੜੇ ਸਤਿਕਾਰ ਨਾਲ ਫੜਿਆ ਜਾਂਦਾ ਤੇ ਗੁਰਦੁਆਰਾ ਸਾਹਿਬ ਦੇ ਅੰਦਰ ਲਿਆਂਦਾ ਜਾਂਦਾ। ਜਿਸਤਰ੍ਹਾਂ ਕੋਈ ਚਿੜੀ ਆਦਿਕ ਕਮਰੇ ਵਿਚ ਹੋਵੇ ਤਾਂ ਉਹਦੀ ਰੁਚੀ ਹੁੰਦੀ ਹੈ ਕਿ ਉਹ ਲਟਕੀ ਹੋਈ ਤਸਵੀਰ ਉਤੇ ਹੀ ਬੈਠੇ, ਇਸੇ ਤਰ੍ਹਾਂ ਗੁਰਦੁਆਰਾ ਹਾਲ ਵਿਚ ਇਹਨਾਂ ਦੀ ਰੁੱਚੀ ਤਸਵੀਰਾਂ ਜਾਂ ਪਾਲਕੀਆਂ ਉਤੇ ਬੈਠਣ ਦੀ ਸੀ, ਇਹ ਤਸਵੀਰਾਂ ਕਿਉਂਕਿ ਬਹੁਤੀਆਂ ਗੁਰੂ ਸਾਹਿਬਾਨ ਦੀਆਂ ਹਨ, ਇਸ ਕਰਕੇ ਇਨ੍ਹਾਂ ਬਾਜ਼ਾਂ ਨੂੰ ਵੀ ਗੁਰੂ ਦਾ ਰੂਪ ਹੀ ਮੰਨ ਕੇ ਪੂਜਿਆ ਸਤਕਾਰਿਆ ਗਿਆ, ਪਰ ਇਹ ਗੱਲ ਨੋਟ ਹੋਣ ਤੋਂ ਰਹਿ ਗਈ ਕਿ ਇਹ ਕਥਿਤ ਬਾਜ਼ ਪ੍ਰਗਟ ਹੋਣ ਤੋਂ ਬਾਅਦ ਤਿੰਨ ਚਾਰ ਦਿਨਾਂ ਦੇ ਅੰਦਰ ਅੰਦਰ ਜੋਤੀ ਜੋਤ ਸਮਾ ਜਾਂਦੇ ਰਹੇ। ਗੁਰ-ਦੁਆਰਾ ਨਾਨਕਸਰ ਲੁਧਿਆਣਾ ਵਿਚ ਇਸ ਬਾਜ਼ ਦਾ ਛੋਟ ਯੂਨੀਵਰਸਿਟੀ ਦੇ ਖੋਜੀਆਂ ਨੇ ਉਤਾਰਿਆ, ਇਹ ਇੱਲਾਂ ਦੇ ਵੰਸ਼ ਵਿਚੋਂ ਸੀ। ਇਸੇ ਤਰ੍ਹਾਂ ਪਿੰਡ ਇੱਬਨ (ਕਪੂਰਥਲਾ) ਵਾਲੇ ਜਿਸ ਬਾਜ਼ ਦੀ ਤਸਵੀਰ ਜਲੰਧਰ ਦੇ ਪ੍ਰਸਿੱਧ ਅਖਬਾਰ ਵਿਚ ਨਿਕਲੀ ਉਸਦੀ ਪਹਿਚਾਣ ਖੋਜੀਆਂ ਵਲੋਂ 'ਸ਼ਿਕਰੇ ਦੇ ਵੰਸ਼ ਵਿਚੋਂ' ਵਜੋਂ ਕੀਤੀ ਗਈ।

ਇਹਨਾਂ ਬਾਜ਼ਾਂ ਦਾ ਰਹਿਸ ਸਿਰਫ ਸਧਾਰਨ ਜੰਤਾ ਨੂੰ ਨਹੀਂ ਸਗੋਂ ਪੜ੍ਹੇ ਲਿਖੇ ਸਿਆਣੇ ਬਿਆਣੇ ਲੋਕਾਂ ਨੂੰ ਵੀ ਪ੍ਰਭਾਵਤ ਕਰ ਗਿਆ ਹੈ। ਵੱਡੀ ਗਿਣਤੀ ਵਿਚ ਲੋਕਾਂ ਨੇ 'ਗੁਰੂ ਗਰੰਥ ਨੂੰ ਮਾਣੀਏ' ਦੇ ਅਦੇਸ਼ ਦੇ ਉਲਟ ਇਹਨ੍ਹਾਂ ਬਾਜ਼ਾਂ ਨੂੰ ਗੁਰੂ ਦਾ ਰੂਪ ਸਮਝ ਕੇ ਇਹਨਾਂ ਅੱਗੇ ਮੱਥਾ ਟੇਕਿਆ, ਚੜ੍ਹਾਵਾ ਚੜ੍ਹਾਇਆ, ਦੁੱਧ ਨਾਲ ਨਵਾਇਆ, ਮਰਨ ਤੇ ਸ਼ਾਨਦਾਰ ਰਵਾਇਤਾਂ ਨਾਲ ਸਸਕਾਰ ਕੀਤਾ, ਸਸਕਾਰ ਵਾਲੀ ਥਾਂ ਤੇ ਗੁਰਦੁਆਰਾ ਬਨਾਉਣ ਲਈ ਜ਼ਮੀਨ ਅਤੇ ਪੈਸੇ ਆਪਣੀ ਨੇਕ ਕਮਾਈ ਵਿਚੋਂ ਦਾਨ ਦਿੱਤੇ। ਫਿਲੌਰ ਵਿਚ ਕਥਿਤ ਬਾਜ਼ ਦੇ ਸਸਕਾਰ ਵੇਲੇ 10,000 ਸੰਗਤ ਦੀ ਹਾਜ਼ਰੀ ਸੀ। ਖੋਜੀਆਂ ਦਾ ਕਹਿਣਾ ਹੈ ਕਿ ਇਸੇ ਰਹਿਸ-ਅਧੀਨ ਸਾਡੇ ਉਤੇ ਵੀ ਸਵਾਲ ਕੀਤੇ ਗਏ ਕਿ ਇਹ ਬਾਜ਼ ਪਹਿਲੇ ਕਦੀ ਏਨੀ ਗਿਣਤੀ ਕਿਉਂ ਨਹੀਂ ਤੇ ਹੁਣ ਕਿਉਂ ਆਏ ਹਨ ਤਾਂ ਸਾਡਾ ਜਵਾਬ ਉਹਨਾਂ ਉਤੇ ਵੀ ਸਵਾਲ ਦੇ ਸ਼ਕਲ ਵਿਚ ਹੈ :

o ਜੇ ਇਹ ਬਾਜ਼ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਭੇਜਣੇ ਸਨ ਤਾਂ ਉਹਨਾਂ ਨੇ ਬਾਜ਼ ਹੀ ਭੇਜਣੇ ਸਨ। ਇੱਲਾਂ ਤੇ ਸ਼ਿਕਰੇ ਨਹੀਂ ਸਨ ਭੇਜਣੇ ਤੇ ਉਹ ਵੀ ਉਸ ਹਾਲਤ ਵਿਚ ਕਿ ਜਦੋਂ ਪ੍ਰਗਟ ਹੋਏ ਤਾਂ ਉਹਨਾਂ ਦੀਆਂ ਅੱਖਾਂ ਬੇਹੋਸ਼ੀ ਵਿਚ, ਬੰਦ ਬੰਦ ਹੋਣ ਨੂੰ ਫਿਰਨ ਤੇ ਕਾਂ ਵੀ ਇਸ ਯੋਗ ਹੋਣ ਕਿ ਉਹਨਾਂ ਨੂੰ ਠੂੰਗਾਂ ਮਾਰ ਸਕਣ ਤੇ ਗੁਰਦੁਆਰੇ ਵਿਚ ਲਿਆਉਣ ਤੋਂ ਬਾਅਦ ਉਹ ਕੁਝ ਦਿਨਾਂ ਬਾਅਦ ਹੀ ਗਿੱਚੀ ਸੁੱਟ ਦੇਣ। ਕਾਰਨ ਇਕੋ ਹੀ ਹੈ ਕਿ ਇਹ ਕਥਿਤ ਬਾਜ਼ ਥੱਲੇ ਆਏ ਹੀ ਤਾਂ ਸਨ ਕਿਉਂਕਿ ਇਹ ਬਿਮਾਰ ਸਨ।

o ਇਹ ਹੁਣ ਕਿਉਂ ਦਿਸੇ ਹਨ ਅਤੇ ਪੰਜਾਬ ਵਿਚ ਹੀ ਕਿਉਂ ਦਿਸੇ ਹਨ ਜਦੋਂ ਕਿ ਗੁਰੂ ਦੇ ਸਿੱਖ ਪੰਜਾਬ ਤੋਂ ਬਾਹਰ ਦੇਸਾਂ ਪ੍ਰਦੇਸਾਂ ਵਿਚ ਵੀ ਹਨ ?—ਕਿਉਂਕਿ ਪਿਛਲੇ ਇਕ ਦੋ, ਸਾਲਾਂ ਤੋਂ ਖਾਸ ਕਰਕੇ ਝੋਨੇ ਦੀ ਫਸਲ ਲਈ ਕੀੜੇ-ਮਾਰ ਦਵਾਈ 'ਫਰਾਡਨ' ਅਤੇ 'ਥਿੱਮਟ' ਛੜਕਾਈ ਗਈ, ਜਿਹੜੀ ਨਿੱਕਿਆਂ ਦਾਣਿਆਂ ਦੀ ਸ਼ਕਲ ਵਿਚ ਹੈ। ਪਹਿਲੇ ਚੂਹੇ ਤੇ ਫੇਰ ਪਾਣੀ ਦੇਣ ਤੇ ਡੱਡੂ ਤੇ ਫੇਰ ਇਹਨਾਂ ਚੂਹੇ ਤੇ ਡੱਡੂ ਖਾਣ ਵਾਲੀਆਂ ਇੱਲਾਂ ਅਤੇ ਸ਼ਿਕਰੇ ਸ਼ਿਕਾਰ ਹੋਏ। ਇਹ ਬਿਮਾਰ ਇੱਲਾਂ ਤੇ ਸ਼ਿਕਰੇ ਕਥਿਤ ਬਾਜ਼ ਹਨ।

ਕੁਦਰਤ ਵਿਚ ਬਹੁਤ ਕੁਝ ਵਾਪਰ ਰਿਹਾ ਹੈ। ਕੁਝ

ਦੀ ਮਨੁੱਖ ਨੂੰ ਸਮਝ ਆ ਗਈ ਹੈ, ਕੁਝ ਮਨੁਖ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਲੋੜ ਹੈ ਕਿ ਸਾਇੰਸ ਦੀ ਦਲੀਲ ਰਾਹੀਂ ਇਹਨਾਂ ਨੂੰ ਸਮਝਿਆ ਜਾਏ। ਕੋਈ ਕੌਤਕ ਨਹੀਂ ਕੋਈ ਕਰਾਮਾਤ ਨਹੀਂ। ਇਹ ਆਮ ਕਿਹਾ ਜਾਂਦਾ ਹੈ ਕਿ ਵਹਿਮ, ਕਰਾਮਾਤ, ਕੌਤਕ ਆਦਿ ਨਿਰਬਲ ਬੰਦਿਆਂ ਦਾ ਧਰਮ ਹੈ, ਤੱਕੜਿਆਂ ਦਾ ਨਹੀਂ। ਕੀ ਪੰਜਾਬ ਦੇ ਲੋਕ ਹੁਣ ਇਸ ਹਾਲਤ ਵਿਚ ਪੁੱਜ ਗਏ ਹਨ ਕਿ ਉਹਨਾਂ ਨੂੰ ਆਪਣੀ ਨਿਜਾਤ ਲਈ ਬਿਮਾਰ ਮਰਦੀਆਂ ਹੋਈਆਂ ਇੱਲਾਂ ਤੇ ਸ਼ਿਕਰਿਆਂ ਦੇ ਆਸਰੇ ਦੀ ਲੋੜ ਹੈ। ਸਾਨੂੰ ਆਪਣੇ ਅੰਦਰ ਤੋਂ ਇਸ ਸਵਾਲ ਦਾ ਜਵਾਬ ਪੁੱਛਣਾ ਚਾਹੀਦਾ ਹੈ। o

ਨੋਟ : ਡੱਡੂਆਂ, ਚੂਹਿਆਂ, ਇੱਲਾਂ, ਸ਼ਿਕਰਿਆਂ ਦਾ ਇਸ ਤਰ੍ਹਾਂ ਆਪਣੇ ਆਪ ਮਰਨਾ ਸਾਬਤ ਕਰਦਾ ਹੈ ਕਿ ਕੀੜੇ ਮਾਰ ਦਵਾਈਆਂ ਦਾ ਅਸਰ ਪੁਸ਼ਤਾਂ ਦਰ ਪੁਸ਼ਤਾਂ ਚਲਦਾ ਹੋਇਆ ਹੌਲੇ ਹੌਲੇ ਆਪਣਾ ਮਾਰੂ ਅਸਰ ਕਰਦਾ ਹੈ। ਨਾਜ਼ਕ ਜੀਵ ਪਹਿਲੇ ਸ਼ਿਕਾਰ ਹੁੰਦੇ ਹਨ ਤੇ ਮੁਕਾਬਲਤਨ ਤਕੜੇ ਬਾਅਦ ਵਿਚ ਹੁੰਦੇ ਹਨ। ਮਨੁੱਖ ਦੀ ਵਾਰੀ ਵੀ ਆ ਸਕਦੀ ਹੈ। ਸਾਇੰਸਦਾਨਾਂ ਲਈ ਇਹ ਫਿਕਰ ਦੀ ਗੱਲ ਹੈ ਤੇ ਮਨੁੱਖ ਨੂੰ ਇਸ ਜ਼ਹਿਰ ਤੋਂ ਬਚਾਉਣ ਲਈ ਹੁਣੇ ਹੀ ਸੋਚਣਾ ਪਏਗਾ।

---

ਪੁਸਤਕ ਪਹਿਚਾਣ

## ਪੈਮਾਨੇ ਇਨਕਲਾਬ o ਜਗਮੋਹਣ ਜੋਸ਼ੀ

ਇਨਕਲਾਬ ਵਲ ਵਚਨਬੱਧ ਕਵਿਤਾ ਦੀ ਜੇਕਰ ਕੋਈ ਪ੍ਰਤੀਨਿਧ ਮਿਸਾਲ ਪੁਛੀ ਜਾਏਗੀ ਤਾਂ ਇੰਗਲੈਂਡ ਦੇ ਜਗਮੋਹਣ ਜੋਸ਼ੀ ਦੀ ਪੁਸਤਕ 'ਪੈਮਾਨੇ ਇਨਕਲਾਬ' ਇਕ ਪ੍ਰਮੁੱਖ ਮਿਸਾਲ ਦੇ ਤੌਰ ਤੇ ਦਿਤੀ ਜਾ ਸਕੇਗੀ। ਜਗਮੋਹਣ ਜੋਸ਼ੀ ਜੋ ਅਸਰ ਹੁਸ਼ਿਆਰਪੁਰੀ ਦੇ ਨਾਂ ਥੱਲੇ ਅਪਣੀ ਕਵਿਤਾ ਕਹਿੰਦੇ ਸਨ, ਇੰਗਲੈਂਡ ਦੀ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬਰੀਟੇਨ) ਦੇ ਰੂਹੇਰਵਾਨ ਸਨ। ਉਹਨਾਂ ਦਾ ਜਨਮ 1936 ਵਿਚ ਹੁਸ਼ਿਆਰਪੁਰ ਵਿਖੇ ਹੋਇਆ ਤੇ ਉਥੇ ਹੀ ਉਹਨਾਂ ਨੇ ਵਿਦਿਯਾ ਹਾਸਲ ਕੀਤੀ। 1956 ਵਿਚ ਬਰਤਾਨੀਆ ਚਲੇ ਗਏ ਤੇ ਉਥੇ ਹੀ 1958 ਵਿਚ ਹਿੰਦੋਸਤਾਨ ਮਜ਼ਦੂਰ ਸਭਾ ਦੇ ਬਰਮਿੰਘਮ ਬਰਾਂਚ ਦੇ ਬਾਨੀ ਮੈਂਬਰ ਬਣੇ। 1958 ਤੋਂ 1979 ਤਕ ਉਹ ਇੰਗਲੈਂਡ ਦੀ ਮਜ਼ਦੂਰ ਤਹਿਰੀਕ ਇਕ ਸਰਗਰਮ ਕਾਰਕੁਨ ਰਹੇ। ਵਿਸ਼ੇਸ਼ ਕਰਕੇ ਮਜ਼ਦੂਰ ਜਮਾਤ ਨੂੰ ਨਸਲੀ ਵਿਤਕਰੇ ਦੇ ਵਿਰੁਧ ਉਹਨਾਂ ਨੇ ਜਥੇਬੰਦ ਕੀਤਾ। ਇਸ ਸਿਲਸਲੇ ਵਿਚ ਉਹਨਾਂ ਨੇ ਬਹੁਤ ਸਾਰੇ ਸੰਘਰਸ਼ਾਂ ਦੀ ਰਹਿਨੁਮਾਈ ਕੀਤੀ। 1979 ਵਿਚ ਹਾਈਡਪਾਰਕ ਲੰਡਨ ਵਿੱਚ ਨਸਲੀ ਵਿਤਕਰੇ ਵਿਰੁਧ ਇਕ ਵਡੇ ਵਿਖਾਵੇ ਦੇ ਦਰਮਿਆਨ ਅਚਾਨਕ ਉਹਨਾਂ ਨੂੰ ਦਿਲ ਦਾ ਦੌਰਾ ਪਿਆ ਅਤੇ ਇਕ ਯੋਧੇ ਵਾਂਗ ਉਹਨਾਂ ਦਾ ਸੰਘਰਸ਼ ਦੇ ਮੈਦਾਨ ਵਿਚ ਹੀ ਦਿਹਾਂਤ ਹੋਇਆ। ਪਿਛਲੇ ਸਾਲ ਜਦੋਂ ਮੈਂ ਇੰਗਲੈਂਡ ਗਿਆ ਤਾਂ ਮੈਨੂੰ ਉਸ ਅਥਾਹ ਪਿਆਰ ਅਤੇ ਸਤਿਕਾਰ ਦਾ ਅਹਿਸਾਸ ਹੋਇਆ ਜੋ ਜਗਮੋਹਣ ਜੋਸ਼ੀ ਨੇ ਬਰਤਾਨੀਆ ਦੇ ਵਿਚ ਵਸਦੇ ਹੋਏ ਹਿੰਦੋਸਤਾਨੀ ਮਜ਼ਦੂਰਾਂ ਵਿਚ ਹਾਸਿਲ ਕੀਤਾ। ਹਿੰਦੋਸਤਾਨੀ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਵਤਾਰ ਜੌਹਲ ਤੋਂ ਲੈ ਕੇ ਸਾਧਾਰਨ ਵਰਕਰ ਜਗਮੋਹਣ ਜੋਸ਼ੀ ਦਾ ਨਾਂ ਲੈਂਦਿਆਂ ਹੀ ਇਕ ਦਮ ਭਾਵੁਕ ਹੋ ਜਾਂਦੇ ਸਨ। ਭਾਵੇਂ ਉਹ ਅਪਣੀ ਕਵਿਤਾ ਉਰਦੂ ਜ਼ਬਾਨ ਵਿਚ ਕਹਿੰਦੇ ਸਨ, ਪਰ ਜ਼ਬਾਨ ਦੀ ਸਰਲਤਾ ਕਰਕੇ ਉਹਨਾਂ ਦੀ ਕਵਿਤਾ ਸਾਰੇ ਪੰਜਾਬੀਆਂ ਵਿਚ ਹਰਮਨ ਪਿਆਰੀ ਸੀ ਤੇ ਹਰ ਸਮਾਗਮ ਵਿਚ ਉਹਨਾਂ ਦੇ ਬੋਲੇ ਗੀਤ ਜਾਂ ਸ਼ਿਆਰ ਸੁਣਾਏ ਜਾਂਦੇ ਸਨ। ਜ਼ਬਾਨ ਦੀ ਸਰਲਤਾ ਅਤੇ ਸਪਸ਼ਟਤਾ ਹਰ ਇਨਕਲਾਬੀ ਕਵੀ ਦੀ ਘਾਲਣਾ ਦਾ ਨਿਸ਼ਾਨਾ ਹੁੰਦਾ ਹੈ, ਕਿਉਂਕਿ ਉਹਨੇ ਅਪਣੇ ਵਿਚਾਰਾਂ ਨੂੰ ਅਪਣੇ ਲੋਕਾਂ ਤਕ ਪੁਚਾਣਾ ਹੁੰਦਾ ਹੈ:

ਇਸ ਜ਼ੇਹਨੀ ਗ਼ਿਲਾਜ਼ਤ ਕੋ ਦਬਾਕਰ ਰਖ ਦੋ
ਤਕਨੀਕ ਕੇ ਸ਼ੋਅਲੋਂ ਸੇ ਜਲਾ ਕਰ ਰਖ ਦੋ
ਗਰ ਮੇਰਾ ਕੋਈ ਗੀਤ ਅਵਾਮੀ ਨਾ ਹੋ
ਵੋਹ ਹਰਫ਼ ਗ਼ਲਤ ਹੋਗਾ ਮਿਟਾ ਕਰ ਰਖ ਦੋ।

ਸਰਗਰਮ ਸੰਘਰਸ਼ ਵਿਚ ਉਸ ਸੂਰਮੇ ਦੀ ਮੌਤ ਹੋਈ। ਇਸ ਲਈ ਉਹਦਾ ਹੇਠਲੇ ਸ਼ੇਅਰ ਮੈਂ ਬਹੁਤ ਸਾਰੇ ਹਿੰਦੋਸਤਾਨੀ ਘਰਾਂ ਵਿਚ ਜੋਸ਼ੀ ਦੀ ਤਸਵੀਰ ਥੱਲੇ ਲਿਖਿਆ ਪੜ੍ਹਿਆ :

ਕਿਆ ਡਰ ਹੈ ਜੋ ਨੂਰ ਕੀ ਚਾਹਤ ਮੇਂ
ਹਮਕੋ ਭੀ ਸ਼ਬਿਗ਼ਮ ਖਾ ਜਾਏ
ਕੁਛ ਲੋਕ ਤੋ ਐਸੇ ਭੀ ਹੋਂਗੇ
ਜੋ ਸੁਬਹਿ ਦਰਖ਼ਸ਼ਾਂ ਦੇਖੇਂਗੇ

ਸਾਨੂੰ ਇਸ ਗੱਲ ਦਾ ਫ਼ਿਕਰ ਨਹੀਂ ਕਿ ਰੌਸ਼ਣੀ ਦੀ ਚਾਹਤ ਵਿਚ ਹੀ ਅਸੀਂ ਰਾਤ ਦੇ ਹਨੇਰੇ ਵਿਚ ਮਿੱਟ ਜਾਈਏ ਪਰ ਕੁਝ ਲੋਕ ਤਾਂ ਐਸੇ ਜ਼ਰੂਰ ਹੋਣਗੇ ਜੋ ਸਵੇਰ ਦੀ ਕਿਰਨ ਅਪਣੇ ਦਰਾਂ ਤੇ ਵੇਖਣਗੇ। ਇਹ ਵਿਸ਼ਵਾਸ਼ ਇਕ ਇਨਕਲਾਬੀ ਕਵੀ ਦਾ ਹੀ ਹੋ ਸਕਦਾ ਹੈ ਜਦੋਂ

ਉਹ ਕਹਿੰਦਾ ਹੈ :

ਹਰ ਦਿਲ ਮੇਂ ਬਗ਼ਾਵਤ ਕੇ ਸ਼ੁਅਲੋਂ ਕੋ ਜਲਾ ਦੇਂਗੇ।
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਹੋ ਜਾਏਗੀ ਯੇਹ ਦੁਨੀਯਾ ਫਿਰ ਤੇਰਹਾ ਨਸੀਬੋਂ ਕੀ
ਮਜ਼ਦੂਰ ਕਿਸਾਨੋ ਕੀ ਭੂਕੋਂ ਕੀ ਗ਼ਰੀਬੋਂ ਕੀ।
ਰੋਂਦੇ ਹੂਏ ਜ਼ੱਰੋਂ ਕੋ ਖੁਰਸ਼ੀਦ ਬਨਾ ਦੇਂਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਹੱਕ ਛੀਨਨੇ ਵਾਲੋਂ ਸੇ ਉਮੀਦੇ ਕਰਮ ਕਿਉਂ ਹੋ
ਇਨਸਾਫ ਲੁਟੇਰੋਂ ਸੇ ਹਮ ਕੋ ਯੇਹ ਭਰਮ ਕਿਉਂ ਹੋ।
ਹਮ ਤਾਕਤੇ ਬਾਜ਼ੂ ਸੇ ਜਾਬਰ ਕੋ ਮਿਟਾ ਦੇਂਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਮਹਿਕੂਮ ਜੋ ਉੱਠ ਬੈਠੇ ਹਰ ਜ਼ੁਲਮ ਪਰ ਭਾਰੀ ਹੈ
ਫਿਰ ਖੇਤ ਹਮਾਰੇ ਹੈਂ, ਮਿੱਲੇਂ ਭੀ ਹਮਾਰੀ ਹੈਂ।
ਹਰ ਚੀਜ਼ ਹਮਾਰੀ ਹੈ, ਹਾਕਮ ਕੋ ਬਤਾ ਦੇਂਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਕਿਸਮਤ ਕੇ ਖਿਲੌਨੋਂ ਸੇ ਬਹਿਲਾਇਆ ਗਿਆ ਹਮੇਂ
ਧੋਖੋਂ ਸੇ ਫਰੇਬੋਂ ਸੇ ਹਥਿਆਇਆ ਗਿਆ ਹਮੇਂ।
ਯੇਹ ਝੂਠ ਕਾ ਸਿੰਘਾਸਨ ਠੋਕਰ ਸੇ ਗਿਰਾ ਦੇਂਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਕੁਛ ਸੋਚ ਕੇ ਹੀ ਹਮ ਨੇ ਤਲਵਾਰ ਨਿਕਾਲੀ ਹੈ
ਹਾਲਾਤ ਸੇ ਤੰਗ ਆਕਰ ਬੰਦੂਕ ਸੰਭਾਲੀ ਹੈ।
ਅਬ ਖੂਨੇਂ ਸਿਤਮਗਰ ਸੇ ਧਰਤੀ ਕੋ ਸਜਾ ਦੇਂਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਫਿਰ ਜਾਗਾ ਤਿਲਨਗਾਨਾ ਬੰਗਾਲ ਨੇ ਕਰਵੱਟ ਲੀ
ਹਰ ਖੇਤ ਸੁਲਗ ਉਠੇ ਫਿਰ ਆਤਸ਼ੇ ਗੰਮ ਭੜਕੀ।
ਇਨ ਕਹਿਰ ਕੇ ਸ਼ੁਅਲੋਂ ਸੇ ਸ਼ੈਤਾਨ ਜਲਾ ਦੇਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

ਦਿਲੀ ਕੇ ਖੁਦਾਵੰਦੋ, ਏਲਾਨ ਹਮਾਰਾ ਹੈ
ਐ ਕਾਤਲੋ ਬਦਕਾਰੋ ਫਰਮਾਨ ਹਮਾਰਾ ਹੈ।
ਤੁਮ ਦੁਸ਼ਮਨੇ ਇਨਸਾਂ ਹੋ ਹਮ ਤੁਖਮ ਮਿਟਾ ਦੇਂਗੇ
ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ।

o (ਪੂਰੀ ਨਜ਼ਮ 'ਜੰਗੇ ਅਵਾਮੀ')

ਇਹ ਜਾਬਰ ਨਿਜ਼ਾਮ ਗੱਲਾਂ ਨਾਲ ਨਹੀਂ ਮੁਕਣਾ। ਇਸ ਦੇ ਵਿਰੁਧ ਸਰਗਰਮ ਸੰਘਰਸ਼ ਕਰਨਾ ਹੀ ਪਏਗਾ ਤੇ ਇਸ ਸੰਘਰਸ਼ ਵਿਚ ਸੀਸ ਤਲੀ ਤੇ ਰਖਣੇ ਹੀ ਪੈਂਦੇ ਹਨ :

ਤੂਫਾਨੇ ਹਵਾਦਸ ਸੇ ਗੁਜ਼ਰਨਾ ਸੀਖੋ
ਮੌਜੋਂ ਕੇ ਥਪੇੜੇ ਮੇਂ ਉਭਰਨਾ ਸੀਖੋ
ਇਸ ਦੌਰ ਕੀ ਆਵਾਜ਼ ਯੇਹੀ ਕਹਿਤੀ ਹੈ
ਜੀਨੇ ਕੀ ਤਮੰਨਾ ਹੈ ਤੋ ਮਰਨਾ ਸੀਖੋ।

(ਰਾਜ਼ੇ ਹੱਸਤੀ)

ਆਜ਼ਾਦੀ ਨਾਂ ਦੀ ਕਵਿਤਾ ਵਿਚ ਕਵੀ ਦੀ ਵੰਗਾਰ ਹੈ :

ਕਿਆ ਭੂਖ ਹੀ ਅਨਜਾਮ ਹੈ ਆਜ਼ਾਦੀ ਕਾ
ਕਿਆ ਮਸ਼ਕਿ ਸਿਤਮ ਕਾਮ ਹੈ ਆਜ਼ਾਦੀ ਕਾ
ਗਾਂਧੀ ਕੇ ਜਵਾਹਰ ਕੇ ਚਹੇਤੋ ਬੋਲੋ
ਕਿਆ ਕਤਲਿ ਵਤਨ ਨਾਮ ਹੈ ਆਜ਼ਾਦੀ ਕਾ।

o

ਸਾਡੇ ਨਿੱਕੇ ਜਿਹੇ ਵਜੂਦ ਤੋਂ ਧੋਖਾ ਨਾ ਖਾਓ। ਇਕ ਕੱਤਰੇ ਵਿਚ ਦਰਿਆ ਦਾ ਜੋਸ਼ ਬੰਦ ਹੈ। ਫੁੱਲਾਂ ਵਿਚ ਜੋ ਤੁਸੀਂ ਤਰੇਲ ਦੇ ਤੁੱਪਕੇ ਵੇਖਦੇ ਹੋ, ਉਹਨਾਂ ਵਿਚ ਅੱਗ ਦੇ ਸ਼ੋਅਲੇ ਵੀ ਹਨ। ਸਾਡੀ ਮਿੱਟੀ ਵਿਚ ਰਹਿਣ ਵਾਲਿਆਂ ਦੀ ਤੁਹਾਨੂੰ ਚਣੌਤੀ ਹੈ ਕਿ ਸਾਡੇ ਨਾਲ ਨਾ ਉਲਝੋ ਕਿਉਂਕਿ ਰੇਤ ਦੇ ਇਕ ਕਣ ਵਿਚ ਰੇਗਿਸਤਾਨ ਦੀ ਵਹਿਸ਼ਤ ਵੀ ਹੈ !

ਕਤਰੋਂ ਮੇਂ ਨਿਹ ਅਜ਼ਮਤਿ ਦਰਿਯਾ ਭੀ ਹੈ,
ਫੂਲੋਂ ਮੇਂ ਜੋ ਸ਼ਬਨਮ ਹੈ ਤੋ ਸ਼ੋਅਲਾ ਭੀ ਹੈ।
ਹਮ ਖਾਕ ਨਸ਼ੀਨੋ ਸੇ ਉਲਝਨੇ ਵਾਲੋ,
ਜ਼ਰੇ ਮੇਂ ਛੁਪੀ ਵਹਿਸ਼ਤਿ ਸਹਿਰਾ ਭੀ ਹੈ।

ਇਹੋ ਵੰਗਾਰ ਇਕ ਹੋਰ ਸ਼ੇਅਰ ਵਿਚ ਵੀ ਹੈ :

ਹਮ ਤਲਖੀਏ ਅਵਾਮ ਨਿਗਲ ਸਕਤੇ ਹੈਂ,
ਮਿੱਟੀ ਕੇ ਖਿਲੌਨੇਂ ਸੇ ਬਹਿਲ ਸਕਤੇ ਹੈਂ,
ਹਮ ਭੂਖ ਕੇ ਮਾਰੇ ਹੁਏ ਇਨਸਾਨ ਮਗਰ,
ਚਾਹੇਂ ਤੋ ਬਗ਼ਾਵਤ ਮੇਂ ਭੀ ਢਲ ਸਕਤੇ ਹੈਂ।

ਕਵੀ ਆਪਣੇ ਤੇ ਜ਼ੁਲਮ ਕਰਨ ਵਾਲੇ ਨੂੰ ਭੁੱਲਦਾ ਨਹੀਂ। ਉਹ ਉਹਨਾਂ ਕੋਲੋਂ ਬਦਲਾ ਲੈਣ ਦਾ ਐਲਾਨ ਕਰਦਾ ਹੈ, ਜਿੰਨ੍ਹਾਂ ਨੇ ਉਹਦੇ ਸਾਥੀਆਂ ਦਾ ਲਹੂ ਧਰਤੀ ਤੇ ਵਗਾਇਆ:

ਤੁਮ ਆਤਸ਼ੇ ਨਫਰਤ ਸੁਲਗਾਓ
ਮੈਂ ਜੋਸ਼ੇ ਗ਼ਜ਼ਬ ਗਰਮਾਤਾ ਹੂੰ
ਤੁਮ ਤੇਜ਼ ਕਰੋ ਤਲਵਾਰੋਂ ਕੋ
ਮੈਂ ਤੇਸ਼ੇ ਭਾਲੇ ਲਾਤਾ ਹੂੰ
ਜੋ ਖੂਨ ਗਿਰਾ ਹੈ ਧਰਤੀ ਪਰ
ਇਨਸਾਫ ਤਲਬ ਦੀਵਾਨੋ ਕਾ
ਬੇਖੌਫ ਖਤਰ ਪਰਵਾਨੋਂ ਕਾ
ਐ ਲਾਲ ਫਰੇਰੇ ਤੇਰੀ ਕਸਮ
ਇਸ ਖੂਨ ਕਾ ਬਦਲਾ ਹਮ ਲੇਂਗੇ
ਇਸ ਖੂਨ ਕਾ ਬਦਲਾ ਹਮ ਲੇਂਗੇ

(ਨਜ਼ਮ ਇੰਤਕਾਮ)

ਆਪਣੀ ਪ੍ਰਸਿੱਧ ਲੰਬੀ ਨਜ਼ਮ 'ਦਿੱਲੀ ਦੂਰ ਨਹੀਂ' ਵਿਚ ਕਵੀ ਆਪਣੇ ਨਿਸ਼ਾਨੇ ਦਾ ਸਪੱਸ਼ਟ ਬਿਆਨ ਕਰਦਾ ਹੈ :

ਭੂਕੇ ਪੇਟੋ—ਨੰਗੇ ਬਦਨੋ
ਦੁਖ ਕੇ ਪੋਸੋ, ਦਰਦ ਕੇ ਪਾਲੋ
ਹਮਵਤਨੋ ਅਫਲਾਸ ਕੇ ਮਾਰੋ

ਆਂਧੀ ਵਾਲਾ ਰੂਪ ਬਨਾ ਕਰ
ਤੂੰਫਾਨੀ ਜੁਰਅਤ ਕੋ ਅਪਨਾ ਕਰ
ਘੇਰੋ ਡਾਲੋ ਨਗਰੀ ਨਗਰੀ
ਕਹਿਰ ਮਚਾ ਦੋ ਬਸਤੀ ਬਸਤੀ
ਮੁੱਠੀ ਭਰ ਦਾਨੋਂ ਕੀ ਖਾਤਿਰ
ਤੁਮ ਨੇ ਸਦੀਓਂ ਸਬਰ ਕੀਆ ਹੈ
ਸਬਰ ਕੀ ਆਖ਼ਰ ਹੱਦ ਹੋਤੀ ਹੈ
ਨਿਤ ਦਿਨ ਪੌਹ ਫਟਨੇ ਸੇ ਪਹਿਲੇ
ਤਪਤੇ ਸੂਰਜ ਕੀ ਗਰਮੀ ਮੇਂ
ਸ਼ਾਮ ਕੇ ਸਾਏ ਢਲ ਜਾਨੇ ਤੱਕ
ਤੁਮ ਹਲ ਜੋਤੇ, ਫ਼ਸਲ ਉਗਾਓ
ਖੇਤ ਕਾ ਜ਼ਰਾ ਜ਼ਰਾ ਸੇਂਚੋ
ਹਸਤੇ ਗਾਤੇ ਖ਼ੂਨ ਬਹਾਓ
ਲੇਕਿਨ ਖ਼ੁਦ ਭੂਕੇ ਕੇ ਭੂਕੇ
ਤੁਮ ਪਰ ਯੇਹ ਭੀ ਜਬਰ ਹੂਆ ਹੈ
ਜਬਰ ਕੀ ਆਖਰ ਹਦ ਹੋਤੀ ਹੈ
ਸਬਰ ਕੀ ਆਖਰ ਹੱਦ ਹੋਤੀ ਹੈ।

.........

ਹਮਵਤਨੋ ਅਫਲਾਸ ਕੇ ਮਾਰੋ
ਦਿੱਲੀ ਕੇ ਅਸਲੀ ਹੱਕਦਾਰੋ
ਖੇਤੋਂ ਕੀ ਆਗ਼ੋਸ਼ ਸੇ ਉਠੋ
ਦਿਹਾਤੋਂ ਮੇਂ ਲਾਵਾ ਉਗਲੋ
ਗੰਦਮ ਕੇ ਬੋਰੋਂ ਤੱਕ ਫੈਲੋ
ਧਾਨ ਕੇ ਗੋਦਾਮੋਂ ਤੱਕ ਨਾਚੋ
ਤੇਸ਼ੇ ਭਾਲੇ ਨੇਜ਼ੇ ਖੰਜਰ
ਹਾਥ ਮੇਂ ਜੋ ਕੁਛ ਆਏ ਥਾਮੋ
ਦਿੱਲੀ ਦੂਰ ਨਹੀਂ ਹੈ ਯਾਰੋ
ਦੋ ਫੂਕੋਂ ਸੇ ਗਿਰ ਜਾਏਗੀ
ਸ਼ੀਸ਼ਾ ਫੂਟ ਕੇ ਰਹਿ ਜਾਏਗਾ
ਜਾਦੂ ਟੂਟ ਕੇ ਰਹਿ ਜਾਏਗਾ।

(ਦਿੱਲੀ ਦੂਰ ਨਹੀਂ)

ਇਕ ਹੋਰ ਨਜ਼ਮ 'ਜਵਾਬ ਦੋ' ਕਵੀ ਦੀ ਸੁਪੱਸ਼ਟ ਵੰਗਾਰ ਦਾ ਨਮੂਨਾ ਹੈ :

ਸਿਤਮਗਰੋ ਹਿਸਾਬ ਦੋ
ਉਲਟ ਹਰ ਇਕ ਨਕਾਬ ਦੋ
ਸਹੀ ਸਹੀ ਜਵਾਬ ਦੋ
ਜੋ ਜ਼ਿੰਦਗੀ ਕੀ ਦਿਲਕਸ਼ੀ ਮਸਲ ਗਏ ਵੋਹ ਕੌਣ ਹੈਂ
ਜੋ ਕਹਿਕਹੋਂ ਕੋ ਦਰਦ ਮੇਂ ਬਦਲ ਗਏ ਵੋਹ ਕੌਣ ਹੈਂ
ਵਤਨ ਕੀ ਸਾਰੀ ਸੁੱਖੀਆਂ ਨਿਗਲ ਗਏ ਵੋਹ ਕੌਣ ਹੈਂ
ਖਾਮੋਸ਼ ਕਿਉਂ ਹੋ ਰਹਿਬਰੋ ?
ਜਵਾਬ ਦੋ ਜਵਾਬ ਦੋ
ਸਹੇਂਗੇ ਹਮ ਨਾ ਜ਼ੁਲਮਤੇਂ ਅਬ ਆਫਤਾਬ ਚਾਹੀਏ
ਤਕਾਜ਼ਾਏ ਹਯਾਤ ਹੈ, ਇਕ ਇਨਕਲਾਬ ਚਾਹੀਏ
ਹਮਾਰਾ ਸਬਰ ਖਤਮ ਹੈ, ਹਮੇਂ ਜਵਾਬ ਚਾਹੀਏ
ਖਾਮੋਸ਼ ਕਿਉਂ ਹੋ ਰਹਿਬਰੋ
ਜਵਾਬ ਦੋ, ਜਵਾਬ ਦੋ।

(ਨਜ਼ਮ 'ਜਵਾਬ ਦੋ' ਵਿਚੋਂ)

ਸਪਾਰਟਾਕਸ ਦੀ ਬਗ਼ਾਵਤ ਦੀ ਗਾਂਥਾ ਵਿਚ ਇਕ ਥਾਂ ਜ਼ਿਕਰ ਆਂਦਾ ਹੈ ਕਿ ਜਦੋਂ ਬਾਗ਼ੀ ਗੁਲਾਮ ਮਾਲਕਾਂ ਵਿਰੁਧ ਪਹਿਲੇ ਦਿਨ ਦੀ ਲੜਾਈ ਦੇ ਬਾਅਦ ਰਾਤ ਇਕੱਠੇ ਬੈਠੇ ਹਨ ਤੇ ਦਿਨੇ ਹੋਈ ਲੜਾਈ ਦਾ ਜਾਇਜ਼ਾ ਲੈ ਰਹੇ ਹਨ। ਇਕ ਨੁੱਕਰ ਵਿਚ ਦੂਜਿਆਂ ਤੋਂ ਵੱਖ ਇਕ ਕਮਜ਼ੋਰ ਜਿਹਾ ਬੰਦਾ ਬੈਠਾ ਹੈ। ਪੁਛਣ ਤੇ ਪਤਾ ਲਗਦਾ ਹੈ ਕਿ ਉਹ ਇਕ ਕਵੀ ਹੈ। ਉਹ ਉਦਾਸ ਹੈ ਕਿਉਂਕਿ ਉਹ ਗੁਲਾਮਾਂ ਦੀ ਆਜ਼ਾਦੀ ਦੀ ਲੜਾਈ ਵਿਚ ਹੋਰਨਾਂ ਵਾਕੁਨ ਹਿੱਸਾ ਨਹੀਂ ਪਾ ਸਕਦਾ। ਸਪਾਰਟਾਕਸ ਕਹਿੰਦਾ ਹੈਕਿ ਉਹ ਸਾਰੇ ਅਜ ਦੀ ਰਾਤ ਉਹਦੀ ਕਵਿਤਾ ਸੁਣਨਗੇ। ਉਹਨੇ ਕਵਿਤਾ ਸੁਣਾਈ। ਉਹਦੀ ਕਵਿਤਾ ਵਿਚ ਜੋਸ਼ ਸੀ, ਇਕ ਅੱਗ ਸੀ। ਇਕ ਪ੍ਰੇਰਨਾ ਸੀ, ਜਿਸਨੇ ਬਾਗ਼ੀ ਗ਼ੁਲਾਮਾਂ ਨੂੰ ਅਗਲੇ ਦਿਨ ਦੀ ਜੰਗ ਲਈ ਇਕ ਨਵਾਂ ਹੌਸਲਾ ਦਿਤਾ। ਇਸ ਤਰ੍ਹਾਂ ਉਸ ਕਵੀ ਨੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਇਆ। ਲੋਕਾਂ ਦੇ ਸੰਘਰਸ਼ਾਂ ਵਿਚਾਹਿਤ ਅਤੇ ਕਲਾ ਦੀ ਭੂਮਿਕਾ ਦੀ ਇਹ ਇਕ ਕਲਾਂਸੀਕਲ ਮਿਸਾਲ ਹੈ। ਇੰਗਲੈਂਡ ਵਿਚ ਵਸਦੀ ਮਜ਼ਦੂਰ ਜਮਾਤ ਦੀ ਆਪਣੇ ਹੱਕਾਂ ਲਈ ਸੰਘਰਸ਼ਾਂ ਵਿਚ ਅਤੇ ਨੱਸਲਵਾਦੀ ਜੱਬਰ ਦੇ ਵਿਰੁਧ ਸੰਗਰਾਮਾਂ ਵਿਚ ਜੋਸ਼ੀ ਦੀ ਕਵਿਤਾ ਨੇ ਵੀ ਇਹ ਭੂਮਿਕਾ ਨਿਭਾਈ ਹੈ, ਇਨਕਲਾਬੀ ਸੰਘਰਸ਼ਾਂ ਦੇ ਸੰਦਰਭ 'ਚ ਇਹ ਕਵਿਤਾ ਇਕ ਮੀਲ ਪੱਥਰ ਹੈ।

—ਗੁਰਸ਼ਰਨ ਸਿੰਘ

ਨੋਟ :—ਪਲਸ ਮੰਚ ਨੇ 'ਜੋਸ਼ੀ ਦੀ ਸ਼ਾਇਰੀ' ਨਾਂ ਦੀ ਇਕ ਕੈਸਟ ਤਿਆਰ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਸ ਅਜ਼ੀਮ ਇਨਕਲਾਬੀ ਸ਼ਾਇਰ ਦੀ ਕਵਿਤਾ ਬਾਕੀ ਭਾਰਤ ਦੇ ਲੋਕਾਂ ਤਕ ਪੁਚਾਈ ਜਾ ਸਕੇ।

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ।
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪੇ

## ਪਾਠਕ ਲੇਖਕ ਫ਼ੋਰਮ :

### 1. ਸੰਪਾਦਕ ਸਮਤਾ, ਲੇਖਕ ਅਤੇ ਪਾਠਕਾਂ ਦੇ ਧਿਆਨਯੋਗ

ਸਤੰਬਰ ਸਮਤਾ ਇਕ ਅਹਿਮ ਦਸਤਾਵੇਜ਼ ਵਜੋਂ ਸਾਹਮਣੇ ਆਇਆ ਹੈ। ਸਮਤਾ ਦੇ ਸਾਰੇ ਸਹਿਯੋਗੀ ਵਧਾਈ ਦੇ ਪਾਤਰ ਹਨ। ਸਮਤਾ ਦੀ ਇਸ ਪ੍ਰਾਪਤੀ ਤੇ ਖੁਸ਼ੀ ਹੋਈ ਹੈ। ਸਮਤਾ ਤੋਂ ਹਮੇਸ਼ਾਂ ਹੀ ਵੱਡੀਆਂ ਉਮੀਦਾਂ ਹਨ। ਪਰੰਤੂ ਸਮਤਾ ਜਾਂ ਅਜਿਹੇ ਹੋਰ ਜਮਹੂਰੀ ਪਰਚਿਆਂ ਵਿਚ ਜਦੋਂ ਵਾਰ ਵਾਰ 'ਹਰੀਜਨ' ਸ਼ਬਦ ਪੜ੍ਹੀਦਾ ਹੈ ਤਾਂ ਸੀਨਾ ਫੱਟਦਾ ਹੈ। ਲੱਗਦਾ ਹੈ ਜਿਵੇਂ ਕੋਈ ਮਾਂ ਭੈਣ ਦੀਆਂ ਗਾਲ੍ਹਾਂ ਦੇ ਰਿਹਾ ਹੋਵੇ।

ਦੋਸਤੋ ! ਤੁਸੀਂ ਨਹੀਂ ਜਾਣਦੇ ਕਿ :

1. 'ਹਰੀਜਨ' ਸ਼ਬਦ 1932 ਵਿਚ ਮਹਾਤਮਾ ਗਾਂਧੀ ਨੇ ਅਛੂਤਾਂ ਨੂੰ ਦਿਤਾ ਤੇ ਆਪਣੀ ਵਲੋਂ ਇਸ ਨਾਂ ਤੇ ਪਰਚਾ ਵੀ ਕੱਢਿਆ। 'ਅਛੂਤ' ਸ਼ਬਦ ਤੋਂ ਪਹਿਲਾਂ ਇਹ ਨਾਂ ਸ਼ੂਦਰ ਸੀ। ਜੋ ਆਰੀਅਨਾਂ ਦੇ ਇਸ ਧਰਤੀ ਤੇ ਕਾਬਜ਼ ਹੋਣ ਤੋਂ ਬਾਅਦ ਜਾਤੀ ਵੰਡ ਪ੍ਰਨਾਲੀ ਨਾਲ ਸ਼ੁਰੂ ਹੋਇਆ। ਬਦੇਸ਼ੀ ਆਰੀਆ ਨੇ ਗੁਲਾਮ ਭਾਰਤੀਆਂ ਨੂੰ ਜਿਨ੍ਹਾਂ ਦੀ ਅੱਜ ਗਿਣਤੀ 85% ਹੈ, ਚੌਥੇ ਦਰਜੇ ਵਿਚ ਸ਼ੂਦਰ ਕਹਿ ਕੇ, ਵਗਾਰੀ ਸੇਵਕ ਬਣਾਇਆ। ਪਰੰਤੂ ਅੱਜ ਇਨ੍ਹਾਂ ਲੋਕਾਂ ਨੂੰ 'ਹਰੀਜਨ' ਕਿਹਾ ਜਾਂਦਾ ਹੈ : ਆਓ ਦੱਸੀਏ ਕਿ ਇਹ ਸ਼ਬਦ ਕਿੱਥੋਂ ਆਇਆ :–

ਪੁਰਾਤਨ ਸਮੇਂ ਵਿਚ ਵਿਧਵਾ ਔਰਤਾਂ ਬ੍ਰਾਹਮਣੀ ਕਾਨੂੰਨ ਅਨੁਸਾਰ ਸਤੀ ਹੋ ਜਾਂਦੀਆਂ ਹਨ। ਜੋ ਬਚ ਜਾਂਦੀਆਂ ਸਨ ਉਹਨਾਂ ਲਈ ਹੁਕਮ ਸੀ ਕਿ ਉਹ ਰੰਡੇਪਾ ਕੱਟਣ ਤੇ ਸਮਾਜ ਤੋਂ ਦੂਰ ਰਹਿਣ ਕਿਉਂਕਿ ਉਹ ਕੁਲਹਿਣੀਆਂ ਹਨ ਜਿਨ੍ਹਾਂ ਦਾ ਪਰਛਾਇਆ ਵੀ ਨਹੀਂ ਪੈਣਾ ਚਾਹੀਦਾ। ਇਸ ਤੋਂ ਇਲਾਵਾ ਕੁਝ ਹਾਲਤਾਂ ਵਿਚ ਇਹਨਾਂ ਵਿਧਵਾਵਾਂ ਨੂੰ ਰਾਜਿਆਂ ਦੀਆਂ ਗੋਲੀਆਂ ਰੂਪ ਵਿਚ ਰੱਖਿਆ ਜਾਂਦਾ ਸੀ ਤੇ ਕੁਝ ਹਾਲਤਾਂ ਵਿਚ ਇਹ ਔਰਤਾਂ ਮੰਦਿਰਾਂ ਵਿਚ ਪੁਜਾਰੀਆਂ ਦੀ ਸੇਵਾ ਟਹਿਲ ਲਈ ਗੋਲੀਆਂ ਵਜੋਂ ਰੱਖੀਆਂ ਜਾਂਦੀਆਂ ਸਨ।

ਅਜਿਹੀ ਸੰਸਥਾ ਵਿਚ ਰਹਿੰਦਿਆਂ, ਅਜਿਹੀ ਅਣਸੁਰੱਖਿਅਤ ਜ਼ਿੰਦਗੀ ਵਿਚ ਚਾਹਿਆ–ਅਣਚਾਹਿਆ ਉਸ ਵਿਧਵਾ ਨੂੰ, ਜੋ ਨਜਾਇਜ਼ ਬੱਚਾ ਪੈਦਾ ਹੁੰਦਾ ਸੀ ਉਸ ਨੂੰ 'ਹਰੀਜਨ' ਨਾਂ ਨਾਲ ਪੁਕਾਰਿਆ ਜਾਂਦਾ ਸੀ ਭਾਵ ਰੱਬ ਦਾ ਬੰਦਾ ਭਾਵ ਜਿਸ ਦੇ ਪਿਉ ਦਾ ਪਤਾ ਨਹੀਂ। ਉਏ–ਜਮਹੂਰੀਅਤ ਪਸੰਦ ਲੋਕੋ ! ਤੁਸੀਂ ਤਾਂ ਇਹ ਗਾਲ੍ਹ ਨਾ ਕੱਢੋ !

(ਯਾਦ ਰਹੇ ਕਿ ਭਾਰਤ ਸਰਕਾਰ ਨਾਲ ਸੰਘਰਸ਼ ਕਰਕੇ ਅਛੂਤ ਲੋਕਾਂ ਨੇ ਇਹ ਸ਼ਬਦ ਵਰਤਣਾ ਬੰਦ ਕਰਵਾਇਆ ਹੋਇਆ ਹੈ) ਪਰ ਕੌਣ ਸੁਣਦੈ ?

2. **ਸਫਾ 8 :** ਅਸੀਂ ਹਿੰਦੋਸਤਾਨ ਦੇ ਇਕ ਇੱਜ਼ਤਦਾਰ ਸ਼ਹਿਰੀ ਦੀ ਹੈਸੀਅਤ ਵਿਚ ਰਹਿਣਾ ਚਾਹੁੰਦੇ ਹਾਂ ।

ਸਾਥੀਓ, ਹਿੰਦੋਸਤਾਨ' ਸ਼ਬਦ ਫਿਰਕਾਪ੍ਰਸਤੀ ਦੀ ਦੇਣ ਹੈ। ਜਿਸ ਦਾ ਸਹੀ ਅਰਥ ਹੈ: ਹਿੰਦੂਸਤਾਨ। ਜਿਸ ਦੀ ਖਾਤਰ ਆਰ. ਐਸ. ਐਸ. ਹਿੰਦੂ ਸਰਮਾਏਦਾਰੀ ਤੇ ਉਹਨਾਂ ਦੀ ਕਠਪੁਤਲੀ ਹਰ ਹਕੂਮਤ ਜੰਤਾ ਜਾਂ ਕਾਂਗਰਸ ਸਰਗਰਮ ਹੈ। 37 ਸਾਲ ਦਾ ਇਤਿਹਾਸ ਗਵਾਹ ਹੈ। ਤੁਸੀਂ ਨਹੀਂ ਪੜ੍ਹੋਗੇ ਤਾਂ ਤਾਰੀਖ ਇਕ ਦਿਨ ਤੁਹਾਡੇ ਕੰਨਾਂ ਵਿਚ ਇਸ ਹਕੀਕਤ ਦਾ ਢੋਲ ਪਿੱਟ ਪਿੱਟ ਕੇ ਸੁਣਾਏਗੀ। ਜੇ ਫਿਰਕਾਪ੍ਰਸਤੀ ਨੂੰ ਭੰਜਣਾ ਹੈ ਇਸ ਦੇ ਫਿਰਕਾਪ੍ਰਸਤ ਕਲਚਰ ਨੂੰ ਹੱਥ ਪਾਓ। ਸੰਵਿਧਾਨ ਵਿਚ 'ਭਾਰਤ' ਇਕ ਸਟੇਟ ਹੈ। ਅਸੀਂ ਭਾਰਤ ਦੇ ਇਜ਼ਤਦਾਰ ਸ਼ਹਿਰੀ ਦੀ ਹੈਸੀਅਤ ਵਿਚ ਰਹਿਣਾ ਹੈ ਨਾ ਕਿ ਹਿੰਦੋਸਤਾਨ ਦੇ। ਅਜਿਹੇ ਸ਼ਬਦਾਂ ਨੂੰ ਤਿਲਾਂਜਲੀ ਦਿਓ, ਜਿਨ੍ਹਾਂ ਵਿਚੋਂ ਫਿਰਕਾਪ੍ਰਸਤੀ ਸੜਿਆਂਦ ਮਾਰਦੀ ਹੈ। ਸਾਡਾ ਮੁਲਕ ਭਾਰਤ ਹੈ। ਅਸੀਂ ਭਾਰਤੀ ਹਾਂ। ਭਾਰਤ ਦੇ ਸ਼ਹਿਰੀ ਹਾਂ। ਅਜ਼ਾਦ ਭਾਰਤ ਦੇ ਗੁਲਾਮ ਵਾਸੀ ਹਾਂ। ਗੁਲਾਮੀ ਖਤਮ ਕਰਨਾ ਸਾਡਾ ਬੁਨਿਆਦੀ ਫਰਜ਼ ਹੈ।

3. **ਸਫਾ 5 :** ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸੱਭਿਆਚਾਰ ਧਰਮ ਤੇ ਅਧਾਰਤ ਨਹੀਂ ਹੁੰਦਾ।

ਪਰ ਦੋਸਤੋ ! ਭਾਰਤ ਦੀ ਹਕੀਕਤ ਹੀ ਇਹ ਹੈ ਕਿ ਇਥੋਂ ਦਾ ਸਭਿਆਚਾਰ ਘੜ੍ਹਿਆ ਹੀ ਧਰਮ ਨੇ ਤੇ ਇਸ ਦੇ ਧਾਰਮਕ ਗ੍ਰੰਥਾਂ ਨੇ। ਪੜ੍ਹੋ ਚਾਰੇ ਵੇਦ, ਸਿਮਰੀਆਂ, ਸੁਰਤੀਆਂ, ਰਮਾਇਣ ਤੁਲਸੀਦਾਸ, ਗੀਤਾ, ਮਹਾਂ ਭਾਰਤ, ਪੁਰਾਣ। ਭਾਰਤ ਦੀ ਮੂੰਹ ਬੋਲਦੀ ਤਸਵੀਰ ਉਹਨਾਂ ਦੇ ਪੰਨਿਆਂ ਤੇ ਅੰਕਤ ਹੈ। ਏਸੇ ਤਰ੍ਹਾਂ ਬਹੁਤ ਸਾਰੇ ਨਵੇਂ ਧਰਮ ਵੀ ਭਾਰਤੀ ਸਭਿਆਚਾਰ ਨੂੰ ਧਾਰਮਕ ਦ੍ਰਿਸ਼ਟੀਕੋਣ ਤੋਂ ਬਣਾਉਣ ਵਿਚ ਜੁਟੇ ਹੋਏ ਹਨ। ਜਰ੍ਹਾਂ ਕੁ ਅੱਖ ਖੋਲ੍ਹ ਕੇ ਵੇਖਿਆਂ ਹੀ ਚੌੜ-ਚਪੱਟ ਸਭ ਕੁੱਝ ਨਜ਼ਰ ਆ ਸਕਦਾ ਹੈ। ਭਾਰਤ ਵਿਚ ਧਰਮ ਵਿਅਕਤੀਗਤ ਮਾਮਲਾ ਨਹੀਂ ਇਕ ਵਿਸ਼ੇਸ਼ ਗਿਣਤੀ ਦਾ ਮਾਮਲਾ। ਕਰੋੜਾਂ ਦੀ ਅਣਭੋਲ ਅਤੇ ਮਕਾਰ ਸਾਂਝ ਦਾ ਮਾਮਲਾ ਹੈ।

ਇਸ ਦੇਸ਼ ਵਿਚ ਅੱਜ ਤਾਈਂ ਸਿੱਖ ਹਿੱਤ, ਹਿੰਦੂ ਹਿੱਤ, ਮੁਸਲਮ ਹਿੱਤ ਇਸਾਈ ਹਿੱਤ ਹੀ ਤਾਂ ਫਿਰਕਾਪ੍ਰਸਤੀ ਦਾ ਮੂਲ ਕਾਰਨ ਬਣੇ ਰਹੇ ਹਨ। ਜੇ ਕਿਧਰੇ ਇਹ ਹਿੱਤ ਟੁੱਟੇ ਹਨ ਤਾਂ ਉਹ ਅਸਰਦਾਰ ਰੂਪ ਨਹੀਂ ਬਣਾ

ਸਕੇ। ਅਸਰਦਾਰ ਸਿਰਫ ਧਾਰਮਕ ਹਿੱਤ ਹੀ ਰਹੇ ਹਨ, ਤਾਜਾ ਉਦਾਹਰਣ ਪੰਜਾਬ ਦੀ ਹੈ।

4. **ਸਫਾ 6** : 'ਹਿੰਦੋਸਤਾਨ ਇਕ ਹਿੰਦੂ ਬਾਣੀਆ ਸਟੇਟ ਹੈ।' ਇਹ ਫਿਰਕੂ ਅਧਾਰ ਤੇ ਕਹੀ ਗੱਲ ਨਹੀਂ ਸਗੋਂ ਇਸ ਧਰਤੀ ਦੀ ਹਕੀਕਤ ਹੈ।

ਇਕੱਲਾ ਬਿਰਲਾ ਜੋ ਮਾਰਵਾੜੀ ਬਾਣੀਆ ਹੈ ਉਸ ਦੀ ਜਾਇਦਾਦ (ਕਾਗਜ਼ੀ) 26 ਅਰਬ ਟੱਪ ਚੁੱਕੀ ਹੈ ਪਰੰਤੂ ਦੇਸ਼ ਦੇ 17-18 ਕਰੋੜ ਅਛੂਤਾਂ ਦੀ ਕੁਲ ਜਾਇਦਾਦ 12 ਅਰਬ ਤੋਂ ਵਧ ਨਹੀਂ ਹੈ। ਦੂਜੇ ਪਾਸੇ ਵਪਾਰ, ਕਾਰਖਾਨਾ, ਪੱਕਾ ਉਤਪਾਦਨ, ਖਾਨਾਂ ਆਦਿ ਆਰਥਕ ਸਾਧਨਾਂ ਤੇ ਕੌਣ ਕਾਬਜ਼ ਹੈ? ਭਾਰਤ ਵਿਚ ਹਿੰਦੂ ਸਰਮਾਏਦਾਰੀ ਕਾਬਜ਼ ਹੈ। ਜਿਸ ਨੂੰ ਕੇਂਦਰ ਦੀ ਹਿੰਦੂ ਰਾਜਨੀਤਕ ਤਾਕਤ ਬਰਕਰਾਰ ਰੱਖਦੀ ਹੈ। 'ਦੂਜਿਆਂ ਦਾ ਸਹਿਯੋਗ ਲੈਣਾ ਤਾਂ ਤਾਕਤ ਨੂੰ ਵੋਟਾਂ ਰਾਹੀਂ ਹਥਿਆਉਣ ਦਾ ਸਾਧਨ ਹੈ। ਇਸ ਦਿਨ ਵਰਗੇ ਤੱਥ ਤੋਂ ਅੱਖਾਂ ਮੀਚ ਕੇ ਲੰਘਣਾ ਕਿੰਨਾ ਕੁ ਜਾਇਜ਼ ਹੈ? ਇਸ ਹਕੀਕਤ ਨੂੰ ਮੰਨ ਕੇ ਕੋਈ ਸਾਰਥਕ ਹੱਲ ਲੱਭਣਾ ਸਾਡਾ ਦਰੁਸਤ ਰਾਹ ਹੋਵੇਗਾ। ਜੋ ਹੈ ਉਸ ਨੂੰ ਮੰਨੋ ਪਰ ਕਰੋ ਉਹ ਜੋ ਤੁਸੀਂ ਦਰੁੱਸਤ ਸਮਝਦੇ ਹੋ।

ਦੂਜੇ ਪਾਸੇ 'ਭਾਰਤੀ ਸਟੇਟ' ਸੰਵਿਧਾਨ ਅਨੁਸਾਰ ਫਿਰਕੂ ਨਹੀਂ, ਪਰੰਤੂ ਕਾਬਜ਼ ਸਰਮਾਏਦਾਰੀ, ਕਾਬਜ਼ ਸਤਾ ਫਿਰਕੂ ਹੈ। ਇਸ ਦਾ ਖਾਸਾ ਫਿਰਕੂ, ਇਸ ਦਾ ਮੂਲ ਫਿਰਕੂ ਹੈ।

ਦਰੁੱਸਤ ਹੈ ਫਿਰਕਾਪ੍ਰਸਤੀ ਇਕ ਪਿਛਾਂਹ-ਖਿੱਚੂ ਰੁਝਾਨ ਹੈ। ਜਿਹੜਾ ਲੋਕਾਂ ਨੂੰ ਅਸਲੀ ਜਮਾਤੀ ਘੋਲ ਤੋਂ ਦੂਰ ਲਿਜਾਂਦਾ ਹੈ। ਪਰੰਤੂ ਇਹ ਲੋਕਾਂ ਨੂੰ ਫਿਰਕਿਆਂ ਵਿਚ ਹੀ ਨਹੀਂ ਵੰਡਦਾ। ਫਿਰਕਿਆਂ ਨੂੰ ਅਨੇਕ ਵੱਖਰੇ ਧਰਮਾਂ, ਅਨੇਕ ਵੱਖਰੇ ਰੀਤੀ ਰਿਵਾਜਾਂ, ਅਨੇਕ ਵੱਖਰੀਆਂ ਮਨੌਤਾਂ ਅਤੇ ਸਭ ਤੋਂ ਵੱਧ ਅਨੇਕ ਵੱਖਰੀਆਂ ਤੇ ਘਿਰਣਤ ਜਾਤਾਂ-ਕੁਜਾਤਾਂ ਤੇ ਗੋਤਾਂ ਵਿਚ ਵੰਡਦਾ ਹੈ (ਜਿਵੇਂ ਪਛੜੀਆਂ ਸ਼ਰੇਣੀਆਂ ਦੀਆਂ 3743 ਅਤੇ ਅਨੁਸੂਚਿਤ ਸ਼ਰੇਣੀਆਂ ਦੀਆਂ ਲਗਪਗ 2300 ਜਾਤਾਂ ਹਨ ਜਿਨ੍ਹਾਂ ਦੀ ਆਪਸ ਵਿਚ ਮਨੁੱਖੀ ਸਾਂਝ ਖਤਮ ਹੈ) ਇਸ ਤੋਂ ਵੱਡੀ ਫਿਰਕਾਪ੍ਰਸਤੀ ਤੁਸੀਂ ਕੀ ਲੱਭੋਗੇ?

**ਸਫਾ 7** :–ਤੇ ਲਿਖਿਆ ਇਹ ਵਾਕ ਕਿ ਅਛੂਤਾਂ ਨੂੰ ਅੱਗ 'ਚ ਸੁੱਟਣਾ, ਖੇਤ ਮਜ਼ਦੂਰਾਂ ਦੀ ਕੁੱਟ-ਮਾਰ ਕਰਨੀ (ਪੇਂਡੂ ਨਾਕਾਬੰਦੀਆਂ ਵੀ ਸ਼ਾਮਲ ਕਰੋ) ਆਪਣੇ ਘਰਾਂ ਵਿਚ ਰੋਜ਼ਾਨਾ ਜ਼ਿੰਦਗੀ ਵਿਚ ਅਛੂਤ ਔਰਤਾਂ ਨਾਲ ਘਟੀਆ ਵਿਹਾਰ (ਬਲਤਕਾਰ ਕਰੋ) ਘਟੀਆ ਸੰਬੋਧਨ (ਜਿਵੇਂ ਝੜੰਮ, ਢੇਡ, ਚਮਾਰੜੀ, ਕੁੱਤੀ ਜਾਤ ਆਦਿ) ਉਹਨਾਂ ਨੂੰ ਹਰ ਪਲ ਨੀਵੇਂ ਵਿਖਾਉਣਾ, ਮੈਂ ਸਮਝਦਾ ਹਾਂ ਕਿ ਉਸ ਸੂਰਜੀ ਸੋਚ ਦਾ ਆਗਮਨ ਹਨ, ਜਿਨ੍ਹਾਂ ਨੇ ਹਕੀਕਤਨ ਕਵਾੜ ਖੋਲ੍ਹਣੇ ਹਨ। ਇਨ੍ਹਾਂ ਵਿਚਾਰਾਂ ਲਈ ਮੇਰਾ ਸਮਾਜ ਸਮਤਾ ਦਾ ਧੰਨਵਾਦੀ ਹੈ। —ਗੁਰਨਾਮ ਸਿੰਘ

## 2. ਪੰਜਾਬ ਦਾ ਦੁਖਾਂਤ ਬਨਾਮ ਗੀਕ ਟ੍ਰੈਜਿਡੀ

'ਪੰਜਾਬ ਦੇ ਦੁਖਾਂਤ' ਦੀ ਮੁੱਖ ਪਾਤਰ ਇੰਦਰਾ ਗਾਂਧੀ ਹੀ ਹੈ। ਉਹ ਜੋ ਹੁਣ ਦੇਸ਼ ਦੇ ਕੋਨੇ ਕੋਨੇ ਉਤੇ ਜਾ ਕੇ ਮਗਰਮੱਛੀ-ਅੱਥਰੂਆਂ ਦੇ ਮੋਤੀਆਂ ਦੀ ਬਰਖਾ ਕਰ ਰਹੀ ਹੈ, "ਜਦ ਆਖਦੀ ਹੈ "ਆਖਰ ਮੈਂ ਭੀ ਤੋ ਏਕ ਮਾਂ ਹੂੰ," ਤਾਂ ਗੁੱਸੇ ਦੀ ਜਵਾਲਾ ਹੋਰ ਮਘ ਉੱਠਦੀ ਹੈ। ਮਾਂ ਸੀ, ਜੇਕਰ, ਤਾਂ ਓਹਨੇ ਆਉਣ ਵਾਲੀਆਂ ਈਲੈਕਸ਼ਨਾਂ 'ਚ ਆਪਣੇ ਰਾਜਨੀਤਕ ਹਿੱਤਾਂ ਦੀ ਸੁਰੱਖਿਆ ਖਾਤਰ ਪੰਜਾਬ ਦੇ ਹੱਸਦੇ-ਗਾਉਂਦੇ ਵਿਹੜੇ 'ਚ ਜ਼ਹਿਰ ਦਾ ਬੀਅ ਕਿਉਂ ਬੀਜਿਆ। ਅਖੇ "ਮੈਂ ਤੋ ਦੇਸ਼ ਕੇ ਸਾਰੇ ਲੋਗੋਂ ਕੋ ਅਪਨੇ ਬੱਚੇ ਸਮਝਤੀ ਹੂੰ"—ਸਾਨੂੰ ਚਾਰਦੀ ਏ? ਖੁਦਾ ਦੀ ਜਾਈ ਨੂੰ ਕੋਈ ਪੁੱਛੇ, ਸਹੀ ਅਰਥਾਂ 'ਚ ਮਾਂ ਸੀ ਤਾਂ ਦੇਸ਼ ਦੀ ਸਰਬ-ਸ਼ਕਤੀਮਾਨ ਹੁਕਮਰਾਨ ਹੁੰਦਿਆਂ, ਪੰਜਾਬ ਦੀ ਸਮੱਸਿਆ ਨੂੰ ਫਿਰ ਨਜਿੱਟ ਕਿਉਂ ਨਾ ਸਕੀ? ਓਹਦੀ ਦਿੱਭ ਦ੍ਰਿਸ਼ਟੀ 'ਚ ਤਾਂ ਸੱਭੋ ਕੁੱਝ ਨਿੱਖਰਿਆ ਪਿਆ ਸੀ, ਓਹਨੇ ਤਾਂ ਲਹੂ ਦੀ ਨਦੀ 'ਚੋਂ ਵੀ ਆਕਾਸ਼ ਪਰੀ ਦੀ ਤਰ੍ਹਾਂ ਉੱਜਲ ਤੇ ਪਾਕ-ਪਵਿੱਤਰ ਪਾਰ ਗੁਜ਼ਰ ਜਾਣਾ ਸੀ। ਹਕੂਮਤ ਦੇ ਨਸ਼ੇ 'ਚ ਮੁੰਦੀ ਮਮਤਾ ਦੇ ਵਾਸਤੇ ਪਾਉਣ ਦਾ ਪਾਖੰਡ ਰਚ ਰਚ ਕੇ ਹੋਰ ਕਿੰਨਾ ਕੁ ਚਿਰ ਭੋਲੀ ਤੇ ਮਾਸੂਮ ਜਨਤਾ ਨੂੰ ਬੁੱਧੂ ਬਣਾਉਂਦੀ ਰਹੇਗੀ ਓਹ? ਓਹਦੀ ਗਹਿਰੀ ਸਾਜਸ਼ ਬਾਰੇ ਅੱਜ ਕਿਸੇ ਨੂੰ ਕੋਈ ਭਰਮ-ਭੁਲੇਖਾ ਨਹੀਂ, ਐਨੇ ਮੂਰਖ ਨਹੀਂ ਲੋਕ ਕਿ ਖੂਨ ਦਾ ਰੰਗ ਨਾ ਪਹਿਚਾਣ ਸਕਣ। ਘੁੱਗੀਂ ਵਸਦੇ ਤੇ ਹਰਿਆਲੀਆਂ ਲੱਦੇ ਪੰਜਾਬ ਨੂੰ ਓਹਦੇ ਗੰਦੇ ਮਨਸੂਬਿਆਂ ਨੇ ਕਿਸ ਮੋੜ ਉਤੇ ਲਿਆ ਖੜਾ ਕੀਤਾ। ਇਹ ਸਿੱਖਾਂ ਲਈ ਹੀ ਨਹੀਂ ਬਲਕਿ ਸਮੂਹ ਪੰਜਾਬੀਆਂ ਤੇ ਸਮੁੱਚੇ ਦੇਸ਼ ਲਈ ਵੀ ਡਾਢੇ ਦੁੱਖ ਦੀ ਗੱਲ ਹੈ।... "ਗ੍ਰੀਕ-ਟ੍ਰੈਜਿਡੀ" ਵਿੱਚ ਦੁਰਗਾ ਤੋਂ ਛੁੱਟ ਭਿੰਡਰਾਂਵਾਲਾ, ਅਕਾਲੀ ਨੇਤਾ, ਵਿਰੋਧੀ ਪਾਰਟੀਆਂ ਤੇ ਭਾਰਤੀ ਫ਼ੌਜ, ਸੱਭ ਨਿੱਕੇ-ਨਿਗੂਣੇ ਪਾਤਰ ਹਨ।

'ਫ਼ੌਜੀ-ਕਾਰਵਾਈ ਦਾ ਗੁਨਾਹ ਵੀ ਸਾਨੂੰ "ਮਲਕਾ-ਏ-ਸਲਤਨਤ" ਉਪਰ ਹੀ ਮੜ੍ਹਨਾ ਚਾਹੀਦਾ ਹੈ। ਨਾ ਕਿ ਹੁਕਮ ਦੀ ਗੁਲਾਮ ਭਾਰਤੀ ਫ਼ੌਜ ਉਪਰ।' ਜੋ ਬੁੱਧੀਜੀਵੀ ਫ਼ੌਜੀ ਅਤਿਆਚਾਰ ਤੋਂ ਤੰਗ ਆ ਕੇ ਇਹ ਕਹਿੰਦੇ ਨੇ ਕਿ ਆਖਰ ਫੌਜੀਆਂ 'ਚ ਵੀ ਕੋਈ ਐਥਿਕਸ ਨਾਂ ਦੀ ਚੀਜ਼ ਹੋਣੀ ਚਾਹੀਦੀ ਹੈ, ਉਹ ਜਾਣ ਲੈਣ ਕਿ ਜਿੱਦਣ ਸਾਨੂੰ ਇਸ ਨੁੱਕਤੇ ਦੀ ਸਮਝ ਆ ਗਈ ਨਾ, ਓਦਣ ਦੇਸ਼ ਦੀ

ਸੁਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ-ਪਾਤਸ਼ਾਹ ਵਾਂਗ ਲੜਾਂਗੇ ਵੀ ਅਸੀਂ ਤੇ ਹਕੂਮਤ ਵੀ ਅਸੀਂ ਹੀ ਕਰਾਂਗੇ ।

ਸਭਨਾਂ ਨੂੰ ਫੌਜੀ ਕਾਰਵਾਈ 'ਚ ਮਰਨ ਵਾਲੇ ਹਜ਼ਾਰਾਂ ਲੋਕਾਂ ਬਾਰੇ ਗਹਿਰਾ ਦੁੱਖ ਹੈ ਪਰ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਮਰਨ ਵਾਲਿਆਂ 'ਚ ਫੌਜੀਆਂ ਦੀ ਗਿਣਤੀ ਦਾ ਅਨੁਪਾਤ ਬਹੁਤ ਵੱਡਾ ਹੈ । ਕੀ ਕੋਈ ਸਰਦਾ-ਪੁੱਜਦਾ ਪੜ੍ਹਿਆ-ਲਿਖਿਆ, ਉੱਚੀ ਜਾਤ, ਬਰਾਦਰੀ ਤੇ ਕੁੱਲ ਸ਼੍ਰੇਣੀ ਦਾ ਬੰਦਾ ਇਹ ਚਾਹੇਗਾ ਕਿ ਉਸਦਾ ਬੱਚਾ ਰਾਹਾਂ ਦੇ ਰੋੜਾਂ ਵਾਂਗ ਰੁੱਲਣ ਲਈ ਫੌਜ 'ਚ ਭਰਤੀ ਹੋਏ । ਅੱਜ ਭੁੱਖ ਦੀ ਮਜਬੂਰੀ ਦਾ ਨਾਂ ਹੈ ਫੌਜ । (ਅਫ਼ਸਰਾਂ ਲਈ ਫ਼ੌਜ ਫ਼ੌਜ ਨਹੀਂ, ਉਨ੍ਹਾਂ ਲਈ ਬਾਦਸ਼ਾਹੀ ਹੀ ਹੈ ।)

...ਦਰਬਾਰ ਸਾਹਿਬ ਕੰਪਲੈਕਸ ਦੇ ਅਹਾਤੇ 'ਚ ਸਾਨੂੰ ਧੱਕ ਧੱਕ ਕੇ ਮੋਹਰੇ ਕੀਤਾ ਗਿਆ । ਸਾਨੂੰ ਨਹੀਂ ਸੀ ਪਤਾ ਕਿ ਸਾਡਾ ਕੀ ਹਸ਼ਰ ਹੋਏਗਾ ਅੱਗੇ ਪੈਰ ਪਿਛਾਂਹ ਖਿੱਚਦੇ ਤਾਂ ਪਿੱਛੇ ਖੜੇ ਕਮਾਂਡਰਾਂ ਦੀ ਗੋਲੀ ਨੇ ਚੀਰ ਜਾਣਾ ਸੀ । ਹੁਕਮ ਬੱਧੇ ਰਿੜ-ਰਿੜ ਕੇ ਕੂਹਣੀਆਂ ਭਾਰ ਅਗਾਂਹ ਵਧੇ ਤਾਂ ਅਠਤਾਲੀ ਘੰਟੇ ਲਗਾਤਾਰ ਧੜਾ-ਧੜ ਮਰਦੇ ਰਹੇ । ਢੇਰਾਂ ਦੇ ਢੇਰ ਲੱਗਦੇ ਗਏ । ਉਹ ਕੌਣ ਸਨ ? ਕੀ ਕਿਸੇ ਦੇ ਕੁੱਝ ਨਹੀਂ ਸਨ ਲੱਗਦੇ ਉਹ ? ਉਨ੍ਹਾਂ ਕੀ ਗੁਨਾਹ ਕੀਤਾ ਸੀ ਭਲਾ, ਜੋ 'ਗੁਰੂ ਦੇ ਘਰ' ਅੰਮ੍ਰਿਤਸਰ ਵਿਖੇ ਭੁੱਜਣ ਮਰਨ ਲਈ ਮੂੰਹ-ਚੁੱਕੀ ਤੁਰੇ ਆਏ, ਭੇਡਾਂ-ਬੱਕਰੀਆਂ ਦੇ ਇੱਜੜ ਵਾਂਗ, ਜਿਵੇਂ ਮੇਲਾ ਦੇਖਣ ਆਏ ਹੋਣ । ਉਨ੍ਹਾਂ ਦੇ ਕਤਲ ਦਾ ਇਲਜ਼ਾਮ ਕੀਹਦੇ ਸਿਰ ਧਰੀਏ । ਤੇ ਫਿਰ ਜਿਹੜੇ ਹਜ਼ਾਰਾਂ ਫ਼ੌਜੀ ਜਵਾਨ ਆਪਾਹਜ ਤੇ ਲੰਡੇ-ਲੂਲੇ ਬਣ ਕੇ ਆਪਣੇ ਘਰਾਂ ਦੀਆਂ ਮੱਖਾਂ ਉਤੇ ਉਮਰ ਲਈ ਮੌਤ ਦਾ ਸਾਂਗ ਬਣ ਕੇ ਬਹਿ ਗਏ, ਸਰਕਾਰੀ ਸਹਾਇਤਾ ਉਨ੍ਹਾਂ ਦੀਆਂ ਲੱਤਾਂ-ਬਾਹਾਂ, ਹੱਥ ਪੈਰ, ਨੱਕ ਮੂੰਹ ਤੇ ਅੱਖਾਂ-ਜੋਤਾਂ ਕੀ ਮੁੜ ਉਜਾਗਰ ਕਰ ਦਊ ? ਉਹ ਕਾਸ ਨੂੰ ਲੜੇ ?? ਕੀਹਦੇ ਨਾਂਲ ਲੜੇ ???

ਪੰਜਾਬੀ ਦੀ ਨਾਮਵਰ ਕਹਾਣੀਕਾਰਾ ਅਜੀਤ ਕੌਰ ਨੇ ਇੱਕ ਵਾਰੀ ਲਿਖਿਆ ਸੀ : 'ਛੱਬੀ ਜਨਵਰੀ ਦੀ ਪਰੇਡ ਤੱਕਦਿਆਂ ਮੈਂ ਡਾਢੇ ਦੁੱਖ ਨਾਲ ਸੋਚ ਰਹੀ ਸਾਂ' ਰੰਗ-ਬਿਰੰਗੀਆਂ ਵਰਦੀਆਂ 'ਚ ਸਜੇ-ਫਬੇ ਲੈਫਟ ਰਾਈਟ ਕਰਦੇ ਫੌਜੀ ਜਿਵੇਂ ਮਨੁੱਖ ਨਾ ਹੋ ਕੇ ਬਲੀ ਦੇ ਬੱਕਰੇ ਹੋਣ, ਜਿਨ੍ਹਾਂ ਨੂੰ ਬੰਨ੍ਹ ਕੇ ਕਤਲਗਾਹ ਵੱਲ ਤੋਰਿਆ ਜਾ ਰਿਹਾ ਹੋਵੇ, ਤੇ ਉਹ ਬੜੇ ਸੁਰਤਾਲ ਤੇ ਨਿਯਮ ਨਾਲ ਕਦਮ ਪੁੱਟ ਰਹੇ ਹੋਣ।

'ਲਹੂ ਦੇ ਚੁਬੱਚੇ' (ਆਰਸੀ—ਅਗਸਤ) ਵਿਚ ਅਜੀਤ ਨੇ ਇਨ੍ਹਾਂ ਬਲੀ ਦੇ ਬੱਕਰਿਆਂ ਬਾਰੇ ਕੁਝ ਨਹੀਂ ਆਖਿਆ । ਕਿਵੇਂ ਭੁੱਲ ਗਈ ਉਹ ? ਜਜ਼ਬਾਤ ਐਨੇ ਵੇਗ-ਮਤੇ ਨਹੀਂ ਹੋਣੇ ਚਾਹੀਦੇ ਕਿ ਛੜੱਪੇ ਮਾਰ ਮਾਰ ਉੱਡਣ । ਗੱਲ 'ਫੱਟੜ ਸਾਈਕੀ' ਦੀ ਤੁਰਦੀ ਹੈ ਜਾਂ 'ਗੁੱਠੇ ਲੱਗੀ ਆਈਡੈਂਟਿਟੀ' ਦੀ, ਇਨ੍ਹਾਂ ਵਾਦ-ਵਿਵਾਦਾਂ ਦੀ ਲੜਾਈ 'ਚ ਸਾਡੇ ਨਿਰਦੋਸ਼-ਨਿਮਾਣੇ ਫੌਜੀ ਜਵਾਨਾਂ ਦੇ ਵਗੇ ਲਹੂ ਦਾ ਕਿਧਰੇ ਕੋਈ ਜ਼ਿਕਰ ਹੀ ਨਹੀਂ । ਕਿਉਂ ? ਕਲ੍ਹ ਨੂੰ ਕੋਈ ਬਾਹਰੀ ਖਤਰਾ ਗਲ ਪੈ ਜਾਊ । ਲੀਡਰ, ਨੇਤਾ, ਲੇਖਕ (ਤੇ ਅਫਸਰ) ਸਾਨੂੰ ਫਿਰ ਉਕਸਾਉਣਗੇ, ਤੁਰੋ ਸ਼ੇਰੋ ਅੱਗੇ ਵਧੋ, ਤੁਹਾਡੇ ਦੇਸ਼ ਨੂੰ ਖਤਰਾ ਹੈ । ਤੁਹਾਡੀ ਮਾਂ ਦੀ ਅਸਮਤ ਨੂੰ ਖਤਰਾ !! (ਸਾਡੇ ਆਦਰਸ਼ ਜੀਵਨ ਨੂੰ ਖਤਰਾ ਹੈ !!!) ਅਗਾਂਹ ਵਧੋ ਸੂਰਮਿਓ, ਪਿਛਾਂਹ ਪਰਤ ਕੇ ਨਾ ਦੇਖਣਾ ਲੜੋ ਤੇ ਮਰ ਮਿਟ ਜਾਓ ਵਤਨ ਤੋਂ, ਅਸੀਂ ਤੁਹਾਡੀ ਵਿਧਵਾ ਪਤਨੀ ਨੂੰ ਸਿਲਾਈ ਮਸ਼ੀਨ ਦੇਵਾਂਗੇ, ਬੁੱਢੇ ਬਾਪ ਨੂੰ ਕੰਬਲ, ਅੰਨ੍ਹੀ ਮਾਂ ਨੂੰ ਸੱਜਰ ਮੱਝ ਤੇ ਯਤੀਮ ਬੱਚਿਆਂ ਨੂੰ ਵਜ਼ੀਫ਼ਾ...ਅਦੀਬ ਆਖਣਗੇ । ਅਸੀਂ ਤੁਹਾਡੀ ਸ਼ਹੀਦੀ ਦੀਆਂ ਵਾਰਾਂ ਰਚਾਂਗੇ, ਅਮਰ ਬਣਾ ਦੇਵਾਂਗੇ ਤੁਹਾਨੂੰ, ਤੁਹਾਡਾ ਨਾਂ ਇੰਡੀਆ ਗੇਟ 'ਤੇ ਉਕਰਿਆ ਜਾਵੇਗਾ, ਅੱਠੇ ਪਹਿਰ "ਅਮਰ ਜਿਓਤੀ" ਦੀ ਲਾਟ 'ਚ ਬਲੋਗੇ ਤੁਸੀਂ... .. ।

'ਗੁੱਠੇ ਲੱਗੀ ਆਈਡੈਂਟਿਟੀ' ਦਾ ਗੰਭੀਰ ਮਸਲਾ ਸਾਡੇ ਲਈ ਵੀ ਗੰਭੀਰ ਬਣਿਆ ਹੋਇਆ ਹੈ । ਕਿਤੇ ਵੀ ਖੜੇ ਹੋਵੋ, ਦੂਸਰੇ ਏਕਣ ਤੱਕਦੇ ਆ ਜੀਕਣ ਅਸੀਂ ਬਦਮਾਸ਼ ਤੇ ਸਮੱਗਲਰ ਹੋਈਏ । ਗੱਡੀ 'ਚ ਸਫਰ ਕਰਦਿਆਂ ਜਦ ਕੋਈ ਸਿੱਧਾ ਆ ਕੇ ਤੁਹਾਡੇ ਨੱਕ ਉਤੇ ਉਂਗਲ ਧਰੇ, "ਦੱਸੋ ਸਰਦਾਰ ਜੀ, ਕੌਣ ਹੋ ਤੁਸੀਂ ? ਕਿਧਰ ਜਾ ਰਹੇ ਹੋ, ਕਿਉਂ ਜਾ ਰਹੇ ਹੋ ?? ਕੀ ਕੰਮ ਕਰਦੇ ਹੋ ??? ਤਾਂ ਸਵਾਲਾਂ ਦੇ ਤੂਫਾਨੀ ਪਥਰਾਓ 'ਚ ਤੁਹਾਡੀ ਹਾਲਤ ਜ਼ਖ਼ਮੀ ਸ਼ੇਰ ਵਾਲੀ ਹੋ ਜਾਂਦੀ ਹੈ ।

ਪੰਜਾਬ ਸਮੱਸਿਆ 'ਚ ਘਿਰੇ ਹਿੰਦੂ ਤੇ ਸਿੱਖ ਦੋਵੇਂ ਵੱਖੋ ਵੱਖਰੀ ਤਰ੍ਹਾਂ ਸੋਚ ਰਹੇ ਨੇ, ਇਹ "ਪੰਜਾਬੀ" ਆਈਡੈਂਟਿਟੀ ਲਈ ਕਿੰਨੀ ਸ਼ਰਮ ਵਾਲੀ ਗੱਲ ਹੈ । ਜੇ ਹਿੰਦੂ ਇਹ ਸੋਚ ਰਹੇ ਨੇ ਕਿ ਇੰਦਰਾ ਨੇ ਫੌਜੀ ਕਾਰਵਾਈ ਕਰਕੇ ਦਰਵੇਸ਼ਾਂ ਵਾਲਾ ਕੰਮ ਕੀਤਾ, ਉਹ ਹਕੀਕਤਾਂ ਉਤੇ ਪਰਦਾ ਪਾ ਰਹੇ ਨੇ ਜਾਂ ਉਨ੍ਹਾਂ ਨੂੰ ਖੁਦ ਗੁੱਝੀ-ਸਾਜਿਸ਼ ਦਾ ਇਲਮ ਨਹੀਂ । ਜੇ ਸਿੱਖ ਇਹ ਸੋਚਦੇ ਨੇ ਕਿ ਫੌਜ ਨੇ ਦਰਬਾਰ ਸਾਹਿਬ ਉਤੇ ਹਮਲਾ ਕਰਕੇ ਸਾਡੀ ਮਰਯਾਦਾ ਨੂੰ ਚੈਲਿੰਜ ਕੀਤਾ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ ਭਖਦੇ ਰੋਹ ਨੂੰ ਮੋੜ ਦੇਣ । ਅਸਲੀ 'ਕਲਪਰਿਟ' ਕੌਣ ਹੈ, ਜਿਸ ਦੀਆਂ ਵਿਉਂਤਾਂ ਤੇ ਚਾਲਾਕੀਆਂ ਕਾਰਨ ਸਾਡੇ ਪੰਜਾਬ ਦੇ ਘਰ-ਘਰ 'ਚ ਮਾਤਮ ਛਾ ਗਿਆ, ਉਸ ਦਾ ਪਰਦਾ ਫਾਸ਼ ਕਰਨਾ

ਹੋਵੇਗਾ। ਗੱਲ ਇਹ ਵੀ ਨਹੀਂ ਕਿ ਲੋਕ ਇਸ ਜੁੱਗ-ਗਰਦ ਤੋਂ ਬਾਅਦ ਵੀ ਭੰਬਲ-ਭੂਸਿਆਂ 'ਚ ਨੇ, ਅੱਜ ਇੱਕੋ ਅਨਪੜ੍ਹ ਪੇਂਡੂ ਵੀ ਹਾਕਮਾਂ ਦੀ ਖੇਡ ਨੂੰ ਸਮਝ ਰਿਹੈ, ਲੋੜ ਤਾਂ ਸਮੂਹ ਲੋਕਾਂ ਦੀ ਸੋਚ ਨੂੰ ਸਹੀ ਦਿਸ਼ਾ ਦੇਣ ਦੀ ਹੈ।

.. ਬੜਾ ਅੱਛਾ ਸ਼ਗਨ ਹੈ ਕਿ ਹੁਣ ਸਹਿਜੇ-ਸਹਿਜੇ 'ਸਮੇਂ ਦੀ ਨਬਜ਼' ਨੂੰ ਫੜਨ ਵਾਲੀ ਕਵਿਤਾ (ਤੇ ਸਾਹਿਤ) ਪੰਜਾਬੀ ਰਸਾਲਿਆਂ 'ਚ ਉੱਤਰ ਰਹੀ ਹੈ। 'ਪੰਜਾਬ ਦੀ ਵੰਡ' ਵੇਲੇ ਜਦੋਂ ਇਹੋ ਜਿਹੀ ਟ੍ਰੈਜਿਡੀ ਵਾਪਰੀ ਸੀ ਤਾਂ ਅਸੀਂ 'ਪੰਜਾਬੀਅਤ ਦੇ ਪੀਰ' ਵਾਰਿਸ ਸ਼ਾਹ ਨੂੰ ਸਹਾਇਤਾ ਲਈ ਕਬਰਾਂ 'ਚੋਂ ਪੁਕਾਰਿਆ ਸੀ। ਪਰੰਤੂ ਅੱਜ ਦੀ ਔਖੀ ਘੜੀ "ਪੰਜਾਬ ਦੀ ਆਵਾਜ਼" ਕਿਹੜੇ ਗੈਬੀ ਭੌਂਅ ਹੇਠ ਸਾਹ ਘੁੱਟੀ ਬੈਠੀ ਹੈ।

—ਇੱਕ ਫੌਜੀ ਪਾਠਕ

## 3. ਫਿਰਕਾਪ੍ਰਸਤੀ ਵਿਰੁਧ ਸੰਘਰਸ਼ ਦਾ ਪੈਂਤੜਾਂ ਬਾਰੇ ਕੁਝ ਵਿਚਾਰ :

ਸਮਤਾ ਅੰਕ ਸਤੰਬਰ 1984 ਵਿਚ 'ਕਰਿਤੀ ਵਿਚਾਰ ਮੰਚ ਚੰਡੀਗੜ੍ਹ' ਵਲੋਂ "ਫਿਰਕਾਪ੍ਰਸਤੀ ਵਿਰੋਧ ਸੰਘਰਸ਼ ਦਾ ਪੈਂਤੜਾ" ਨਾਂ ਦਾ ਇਕ ਲੇਖ ਦਿਤਾ ਗਿਆ। ਜਿਸ ਬਾਰੇ ਮੈਂ ਆਪਣੇ ਵਿਚਾਰ ਪੇਸ਼ ਕਰ ਰਿਹਾ ਹਾਂ ਸਫ਼ਾ ਨੰ (6) ਤੇ ਉਹ ਸਾਥੀ ਲਿਖਦੇ ਹਨ ਕਿ "ਭਾਰਤ ਦਾ ਸੰਵਿਧਾਨ ਧਰਮ ਦੇ ਅਧਾਰ ਤੇ ਕੋਈ ਭੇਦ-ਭਾਵ ਜਾਂ ਛੋਟ ਨਹੀਂ ਦਿੰਦਾ। ਫਿਰਕੂ ਸਟੇਟ ਦੀ ਉਦਾਹਰਣ ਈਰਾਨ ਅਤੇ ਪਾਕਿਸਤਾਨ ਹੈ ਜਿਥੇ ਕਿ ਸਟੇਟ ਇਸਲਾਮਕ ਹੈ ਇਹ ਮੰਨ ਲੈਣਾ ਗ਼ਲਤ ਹੋਵੇਗਾ ਕਿ ਭਾਰਤੀ ਰਾਜ ਫਿਰਕੂ ਹੈ...ਜੇ ਸਟੇਟ ਦਾ ਖਾਸਾ ਮੁੱਢੋਂ ਸੁੱਢੋਂ ਹੀ ਬਦਲ ਦਿਤਾ ਜਾਵੇ ਤਾਂ ਫਿਰਕਾਪ੍ਰਸਤੀ ਦੀ ਸਮੱਸਿਆ ਆਪਣੇ ਆਪ ਖਤਮ ਨਹੀਂ ਹੋ ਜਾਏਗੀ। ਇਸ ਲਈ ਲੋੜ ਹੈ ਕਿ ਅਸੀਂ ਜਮਾਤੀ ਘੋਲ ਦੇ ਨਾਲ ਨਾਲ ਫਿਰਕਾਪ੍ਰਸਤੀ ਵਿਰੁਧ ਘੋਲ ਵੀ ਜਾਰੀ ਰੱਖੀਏ" ਉਪਰੋਕਤ ਲਾਈਨਾਂ ਹੀ ਇਸ ਪਹਿਰੇ ਵਿਚ ਟਿਪਣੀ-ਯੋਗ ਹਨ।

ਦੋਸਤੋ ! ਅੱਜ ਦੁਨੀਆਂ ਪੱਧਰ ਉਤੇ ਚਲ ਰਿਹਾ ਸਾਮਰਾਜੀ ਪ੍ਰਬੰਧ, ਜਿਸ ਵਿਚ ਅਜਾਰੇਦਾਰ ਸਰਮਾਏਦਾਰੀ ਨੇ ਸੰਸਾਰ ਭਰ ਵਿਚ ਆਰਥਕਤਾ ਤੇ ਰਾਜਨੀਤੀ ਵਿਚ ਆਪਣੀ ਇਜਾਰੇਦਾਰੀ ਕਾਇਮ ਕੀਤੀ ਹੋਈ ਹੈ। ਸੰਸਾਰ ਦੇ ਵਿਚ ਇਸ ਪੈਦਾਵਾਰੀ ਪ੍ਰਣਾਲੀ ਤੇ ਇਹ ਇਕ ਉਪਰੀ ਢਾਂਚਾ ਹੈ ਜੋ ਇਜਾਰੇਦਾਰ ਸਰਮਾਏਦਾਰੀ ਦੇ ਕੰਟਰੋਲ ਵਿਚ ਹੈ। ਸੰਸਾਰ ਵਿਚ ਕਾਇਮ ਅੱਡ ਅੱਡ ਕੌਮੀ ਰਾਜ ਇਸ ਦੇ ਅੰਗ ਦੇ ਤੌਰ ਤੇ ਕੰਮ ਕਰਦੇ ਹਨ ਭਾਵ ਸਾਮਰਾਜ ਦੇ ਹਿੱਤਾਂ ਦੀ ਪੂਰਤੀ ਕਰਦੇ ਹਨ। ਸੰਸਾਰ ਭਰ ਵਿਚ ਸਾਮਰਾਜ ਹੀ ਹੈ ਜੋ ਸੰਸਾਰ ਦੇ ਪ੍ਰੋਲਤਾਰੀ ਤੇ ਹੋਰ ਮਿਹਨਤਕਸ਼ ਲੋਕਾਂ ਦੀ ਲੁਟ-ਖਸੁਟ ਨੂੰ ਕਾਇਮ ਰੱਖਣ ਲਈ ਵਖੋ ਵੱਖਰੇ ਢੰਗ ਅਪਨਾਉਂਦਾ ਹੈ ਫਿਰਕਾਪ੍ਰਸਤੀ ਵੀ ਮਿਹਨਤਕਸ਼ਾਂ ਨੂੰ ਆਪਸ ਵਿਚ ਲੜਾਉਣ ਅਤੇ ਉਨ੍ਹਾਂ ਦਾ ਧਿਆਨ ਅਸਲੀ ਦੁਸ਼ਮਣ ਤੋਂ ਲਾਂਭੇ ਲਿਜਾਣ ਲਈ ਸਾਮਰਾਜੀਆਂ ਦਾ ਇਕ ਮਹੱਤਵਪੂਰਨ ਹਥਿਆਰ ਹੈ। ਇਸੇ ਲਈ ਹੀ ਫਿਰਕਾਪ੍ਰਸਤੀ ਸੰਸਾਰ ਵਿਆਪੀ ਵਰਤਾਰਾ ਹੈ ਜਿਵੇਂ ਲੈਬਨਾਨ, ਖਾੜੀ ਦੇ ਦੇਸ਼, ਸ੍ਰੀ ਲੰਕਾ ਅਤੇ ਭਾਰਤ ਆਦਿ। ਇਸ ਲਈ ਭਾਰਤ ਵਿਚ ਵੀ ਫਿਰਕਾਪ੍ਰਸਤੀ ਦਾ ਮੁਖ ਜ਼ੁਮੇਂਵਾਰ ਭਾਰਤੀ ਰਾਜ ਹੈ ਜੋ ਸਾਮਰਾਜ ਦੇ ਇਕ ਅੰਗ ਦੇ ਤੌਰ ਤੇ ਕੰਮ ਕਰਦਾ ਹੈ। ਹੇਠਾਂ ਦਿਤੇ ਤੱਥਾਂ ਤੋਂ ਸਪਸ਼ਟ ਹੈ ਕਿ ਭਾਰਤੀ ਰਾਜ ਫਿਰਕੂ ਕਿਵੇਂ ਹੈ।

ਭਾਰਤੀ ਰਾਜ ਬਹੁ-ਗਿਣਤੀ ਲੋਕਾਂ ਦੀ ਹਮਾਇਤ ਜਿਤਣ ਲਈ ਧਰਮ ਦੀ ਵਰਤੋਂ ਕਰਦਾ ਹੈ। ਜਿਸ ਨਾਲ ਇਹ ਹਿੰਦੋਸਤਾਨ ਦੇ ਬਹੁ-ਗਿਣਤੀ ਹਿੰਦੂ ਧਰਮ ਨੂੰ ਵਿਸ਼ੇਸ਼ ਰਿਆਇਤਾ ਦਿੰਦਾ ਹੈ ਜਿਵੇਂ ਕਿ ਅਸੀਂ ਵੇਖ ਸਕਦੇ ਹਾਂ :

1. ਸੰਵਿਧਾਨ ਵਿਚ ਇਹ ਦਰਜ ਕਰਨਾ (INDIA DENOTES BHARAT) ਇੰਡੀਆ ਦਾ ਅਰਥ ਭਾਰਤ ਹੈ ਜੋ ਮਿਥਿਹਾਸ ਨਾਲ ਸਬੰਧਤ ਹੈ।

2. ਜਨ-ਗਨ-ਮਨ ਤੇ ਬੰਦੇ ਮਾਤ੍ਰਮ—ਦੋ ਰਚਨਾਵਾਂ ਨੂੰ ਕੌਮੀ ਗੀਤ ਤੇ ਕੌਮੀ ਤ੍ਰਾਨਾ ਦਾ ਦਰਜਾ ਦੇਣਾ। ਜੋ ਹਿੰਦੂ ਧਰਮ ਦੀ ਸ਼ਾਨੋ ਸ਼ੌਕਤ ਨੂੰ ਉੱਚਾ ਚੁਕਦੀਆਂ ਹਨ।

3. ਕੌਮੀ ਪ੍ਰਤੀਕ ਦੇ ਹੇਠਾਂ ਹਿੰਦੂ ਉਪਨਿਸ਼ਦਾਂ ਵਿਚੋਂ ਲਏ ਗਏ ਇਕ ਸਲੋਕ "ਸਤਿਅਮੇਵ ਜਿਆਤੇ" ਨੂੰ ਦਰਜ ਕਰਨਾ ਜੋ ਹਿੰਦੂ ਸਾਹਿਤ ਦਾ ਇਕ ਭਾਗ ਹੈ।

4. ਮੋਰ ਨੂੰ ਕੌਮੀ ਪੰਛੀ ਦਾ ਦਰਜਾ ਦੇਣਾ ਜੋ ਹਿੰਦੂ ਪਰੰਪਰਾ ਅਨੁਸਾਰ ਇਕ ਸੁਭ ਪੰਛੀ ਮੰਨਿਆ ਜਾਂਦਾ ਹੈ।

5. ਹਿੰਦੀ ਨੂੰ ਸਰਕਾਰੀ ਭਾਸ਼ਾ ਵਜੋਂ ਵਿਧਾਨਕ ਦਰਜਾ ਦੇਣਾ।

6. ਰਾਜ ਦੇ ਸਾਰੇ ਮਹੱਤਵਪੂਰਨ ਪ੍ਰੋਗਰਾਮਾਂ ਜਿਵੇਂ 15 ਅਗਸਤ, 26 ਜਨਵਰੀ ਨੂੰ ਪੂਜਾ (ਹਿੰਦੀ ਪ੍ਰਾਰਥਨਾ) ਦਾ ਕਰਵਾਏ ਜਾਣਾ।

7. ਸੰਵਿਧਾਨ ਵਿਚ ਇਹ ਦਰਜ ਕਰਨਾ ਕਿ ਹਰੀਜਨਾਂ ਨੂੰ ਵਿਸ਼ੇਸ਼ ਸਹੂਲਤਾਂ ਹਿੰਦੂ ਬਰਾਦਰੀ ਦੇ

Registered with the Registrar, News Papers, Vide No. MA/12397-D dated 18.4.80
Post Office No. P/AR—133

ਮੈਂਬਰ ਵਜੋਂ ਹੀ ਮਿਲ ਸਕਦੀਆਂ ਹਨ। ਧਰਮ ਬਦਲਣ ਨਾਲ ਇਹ ਜ਼ਬਤ ਹੋ ਜਾਣਗੀਆਂ।

8. ਕਾਂਸ਼ੀ, ਮਥਰਾ, ਬਨਾਰਸ ਤੇ ਹਰਦੁਆਰ ਪਵਿੱਤਰ ਸ਼ਹਿਰ ਕਰਾਰ ਦੇਣਾ।

9. ਬਨਾਰਸ ਯੂਨੀਵਰਸਿਟੀ ਦਾ ਨਾਂ ਬਦਲ ਕੇ ਹਿੰਦੂ ਯੂਨੀਵਰਸਿਟੀ ਰੱਖਣਾ।

10. ਸੰਸਕ੍ਰਿਤ ਭਾਸ਼ਾ ਵਿਚ ਵਿਸ਼ੇਸ਼ ਸਮਚਾਰ ਬੁਲੇਟਿਨ ਰੇਡੀਓ ਤੋਂ ਪ੍ਰਸਾਰਨ ਕਰਨਾ।

11. ਭਾਰਤੀ ਰਾਜ ਵਿਚ ਭਾਈਵਾਲ ਲੱਗ-ਭਗ ਸਾਰੀਆਂ ਹਾਕਮ ਪਾਰਟੀਆਂ ਵਲੋਂ ਇਹ ਐਲਾਨ ਕਰਨਾ ਕਿ ਇਸਲਾਮ ਧਰਮ ਨੂੰ ਅਪਨਾਉਣਾ ਕੌਮੀ ਅਖੰਡਤਾ ਲਈ ਖਤਰਾ ਹੈ।

12. ਗੁਜਰਾਤ ਦੇ ਵਿਚ ਬਾਹਰੋਂ ਆਏ ਧਰਮ ਉਪਰ ਇਹ ਠੋਸਣਾ ਕਿ ਤੁਸੀਂ ਇਥੇ ਹਿੰਦੂ ਧਰਮ ਦਾ ਅੰਗ ਬਣ ਕੇ ਹੀ ਰਹਿ ਸਕਦੇ ਹੋ।

ਇਸ ਤੋਂ ਇਲਾਵਾ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਮੁਖ ਲੀਡਰ ਜਿਵੇਂ ਨਹਿਰੂ ਦੀ ਇਹ ਵਸੀਅਤ ਕਿ ਉਸਦੀਆਂ ਅਸਤੀਆਂ ਨੂੰ ਗੰਗਾ ਵਿਚ ਜਲ ਪ੍ਰਵਾਹ ਕੀਤਾ ਜਾਵੇ। ਇੰਦਰਾ ਦਾ ਵਿਦੇਸ਼ ਦੌਰੇ ਤੇ ਜਾਣ ਸਮੇਂ ਸ਼ੰਕਰਾਚਾਰੀਆ ਨੂੰ ਹੱਥ ਦਿਖਾਉਣਾ ਆਦਿ ਤੱਥਾਂ ਤੋਂ ਸਪਸ਼ਟ ਹੈ ਕਿ ਭਾਰਤੀ ਰਾਜ ਫਿਰਕੂ ਹੈ। ਦੂਜਾ (Point) ਨੁਕਤਾ ਇਹ ਕਿ "ਭਾਰਤੀ ਰਾਜ ਮੁਢੋਂ ਸੁਢੋਂ ਤਬਦੀਲ ਕੀਤਾ ਜਾਵੇ ਤਾਂ ਵੀ ਫਿਰਕਾਪ੍ਰਸਤੀ ਦਾ ਹੱਲ ਨਹੀਂ ਹੋ ਸਕਦਾ।"

ਦੋਸਤੋ ਪਹਿਲੀ ਗੱਲ ਇਕੱਲਾ ਭਾਰਤੀ ਰਾਜ ਮੁਢੋਂ ਸੁੱਢੋਂ ਤਬਦੀਲ ਨਹੀਂ ਹੋ ਸਕਦਾ ਕਿਉਂਕਿ ਇਹ ਸੰਸਾਰ ਦਾ ਅਟੁੱਟ ਅੰਗ ਹੈ। ਬਾਕੀ ਜੇ ਜਮਾਤੀ ਜਦੋਜਹਿਦ ਪ੍ਰੋਲੇਤਾਰੀਏ ਦੀ ਅਗਵਾਈ ਵਿਚ ਤੇਜ਼ ਹੁੰਦੀ ਹੈ ਤਾਂ ਫਿਰਕਾਪ੍ਰਸਤੀ ਵਿਰੁਧ ਘੋਲ ਦੀ ਕੋਈ ਜ਼ਰੂਰਤ ਨਹੀਂ।

**—ਜਤਿੰਦਰ ਸੰਗਰੂਰ**

## 4. ਗੁਰਸ਼ਰਨ ਸਿੰਘ ਸੇਖੋਂ ਦੇ ਵਿਚਾਰਾਂ ਬਾਰੇ :

ਇਸ ਤੋਂ ਪਹਿਲਾਂ ਕਿ ਮੈਂ ਸਮਤਾ (ਸਤੰਬਰ 84) 'ਚ ਗੁਰਸ਼ਰਨ ਸਿੰਘ ਸੇਖੋਂ ਦੇ ਲੇਖ 'ਪੰਜਾਬ ਨਾਲ ਧੱਕਾ ਕਿਉਂ' ਬਾਰੇ ਜ਼ਿਕਰ ਕਰਾਂ, ਮੈਂ ਮੁੱਖ ਤੇ ਬੁਨਿਆਦੀ ਨੁਕਤੇ ਵਲ ਆਉਣਾ ਚਾਹਾਂਗਾ। ਜਿਸ ਦਾ ਇਸ ਤੋਂ ਪਹਿਲਾਂ ਵੀ ਸਮਤਾ ਦੇ ਕਈ ਪਾਠਕਾਂ ਵਲੋਂ ਸਮੇਂ ਸਮੇਂ ਨੋਟਿਸ ਲਿਆ ਗਿਆ ਹੈ ਤੇ ਉਹ ਮੁਖ ਨੁਕਤਾ ਹੈ ਕਿ ਸਮਤਾ ਇਕ ਖੱਬੇ ਪੱਖੀ ਦਿੱਖ ਦਾ ਪਰਚਾ ਹੈ। ਇਸ 'ਚ ਛਪੀਆਂ ਰਚਨਾਵਾਂ ਦਾ ਆਧਾਰ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਇਆ ਹੁੰਦਾ ਹੈ। ਕਿਸੇ ਇਕ ਪਹਿਲੂ ਬਾਰੇ ਜਾਂ ਕਿਸੇ ਦਾਅ-ਪੇਚ ਬਾਰੇ ਮਤਭੇਦ ਹੋ ਸਕਦੇ ਹਨ ਪਰ ਉਹ ਮਤਭੇਦ ਖੱਬੀ ਜਮਹੂਰੀ ਲਹਿਰ ਦੇ ਚੌਖਟੇ ਵਿਚ ਵੀ ਆਉਣੇ ਚਾਹੀਦੇ ਹਨ ਨਾ ਕਿ ਮੂਲੋਂ ਵੀ ਵਿਚਾਰਧਾਰਕ ਵਿਰੋਧੀ ਜਿਵੇਂ ਕਿ ਸ੍ਰੀ ਸੇਖੋਂ ਦਾ ਲੇਖ ਅੱਤ ਸੋਜ ਪਿਛਾਖੜੀ ਧਾਰਨਾਵਾਂ ਤੇ ਆਧਾਰਤ ਹੈ। ਉਹ ਧਾਰਨਾਵਾਂ ਜਿਹੜੀਆਂ ਭਿੰਡਰਾਂ ਵਾਲਾ ਤੇ ਉਹਦੇ ਦਹਿਸਤ ਪਸੰਦ ਟੋਲੇ ਸਿਧੇ ਸਾਦੇ ਲਫਜ਼ਾਂ 'ਚ ਫੈਲਾਉਂਦੇ ਸਨ, ਉਹਨਾਂ ਨੂੰ ਕੁਝ 'ਸ਼ਰਾਫਤ' ਦਾ ਬੁਰਕਾ ਚਾੜ੍ਹ ਕੇ ਸ੍ਰੀ ਸੇਖੋਂ ਪੇਸ਼ ਕਰਦੇ ਹਨ।

ਸ੍ਰੀ ਸੇਖੋਂ ਦੇ ਲੇਖ ਦਾ ਬੁਨਿਆਦੀ ਆਧਾਰ ਇਹ ਹੈ, "...ਪੰਜਾਬ ਨਾਲ ਧੱਕਾ ਸਿੱਖਾਂ ਦੀ ਵਜ੍ਹਾ ਕਰਕੇ ਹੋ ਰਿਹਾ ਹੈ. ਸਾਰੀਆਂ ਗੱਲਾਂ ਨੂੰ ਸੋਚਣ ਤੋਂ ਬਾਅਦ ਸਪਸ਼ਟ ਹੋ ਜਾਂਦਾ ਹੈ ਕਿ ਸਿੱਖਾਂ ਲਈ ਸਪੈਸ਼ਲ ਧਾਰਾ ਸੰਵਿਧਾਨ ਵਿਚ ਜੋੜੇ ਬਿਨਾਂ ਪੰਜਾਬ ਦੀ ਸਮੱਸਿਆਵਾਂ ਖ਼ਤਮ ਨਹੀਂ ਹੋ ਸਕਣਗੀਆਂ... ...ਪੰਜਾਬ ਦੀਆਂ ਸਮੱਸਿਆਵਾਂ ਦਾ ਕਾਰਨ ਆਰਥਿਕ ਨਹੀਂ, ਸਗੋਂ ਸਿੱਖਾਂ ਦੀ ਹੋਂਦ ਹੈ। ਬੇਸ਼ਕ ਅੰਸ਼ਕ ਰੂਪ ਵਿਚ ਆਰਥਿਕ ਵੀ ਹੈ ਪਰ ਅਸਲ ਤੇ ਮੂਲ ਕਾਰਨ ਸਿਖ ਧਰਮ ਹੈ...।" ਮੈਂ ਉਪਰੋਕਤ ਟੂਕਾਂ ਲੇਖ ਦੇ ਸੰਦਰਭ 'ਚੋਂ ਤੋੜ ਕੇ ਨਹੀਂ ਦੇ ਰਿਹਾ ਤਾਂ ਕਿ ਮਨਮਰਜ਼ੀ ਦੇ ਅਰਥ ਕੱਢੇ ਜਾ ਸਕਣ। ਨਹੀਂ—ਸਗੋਂ ਇਹ ਲੇਖ ਦਾ ਮੂਲ ਆਧਾਰ ਹਨ, ਉਹਦਾ ਤੱਤਸਾਰ। ਹੁਣ ਤੁਸੀਂ ਦੱਸੋ ਕਿ ਜੋ ਕੁਝ ਭਿੰਡਰਾਂ ਵਾਲਾ ਜਾਂ ਕੁਝ ਦਹਿਸ਼ਤ ਪਸੰਦ ਜਨੂਨੀ ਕਰਦੇ ਸਨ ਇਹ ਲੇਖ ਉਹਨਾਂ ਦਾ ਪੱਖ ਨਹੀਂ ਪੂਰਦਾ ਤਾਂ ਹੋਰ ਕੀ ਹੈ? ਸਮਤਾ 'ਚ ਇਸ ਲੇਖ ਨੂੰ ਦੇਣ ਦੀ ਤੁਹਾਡੀ ਕੀ ਮਜਬੂਰੀ ਸੀ ਜਾਂ ਤੁਸੀਂ ਕਿਸ ਪੱਖ ਨੂੰ ਸੋਚ ਕੇ ਇਸ ਨੂੰ ਦਿਤਾ, ਸਮਝ ਨਹੀਂ ਆਈ? ਮੈਂ ਫਿਰ ਇਹ ਗੱਲ ਜ਼ੋਰ ਦੇ ਕਹਿਣਾ ਚਾਹਾਂਗਾ ਕਿ ਸਮਤਾ ਦੀਆਂ ਰਚਨਾਵਾਂ ਖੱਬੇ ਪੱਖ ਦੇ ਘੇਰੇ 'ਚ ਹੋਣੀਆਂ ਚਾਹੀਦੀਆਂ ਹਨ ਨਾ ਕਿ ਇਸ ਤਰ੍ਹਾਂ ਦੀ ਅਤ-ਪਿਛਾਖੜੀ ਫਾਸ਼ੀ ਸੋਚ ਲਈ ਫੋਰਮ ਬਨਣ ਦੇਣਾ ਚਾਹੀਦਾ ਹੈ।

ਬਾਕੀ ਦਾ ਮੈਟਰ ਕਾਫੀ ਵਧੀਆ ਸੀ। ਖਾਸ ਕਰਕੇ ਤੁਹਾਡਾ ਸੰਪਾਦਕੀ ਤੇ ਸਾਥੀ ਹਰਬੰਸ ਦਾ ਲੇਖ 'ਪੰਜਾਬ ਅੰਦਰ ਅਕਾਲੀ ਐਜੀਟੇਸ਼ਨ ਬਾਰੇ ਰੀਵੀਊ ਰਿਪੋਰਟ' ਵਿਸ਼ੇਸ਼ ਧਿਆਨ ਖਿੱਚਦੇ ਹਨ। ਸਾਥੀ ਹਰਬੰਸ ਨੇ ਸਮਾਜਿਕ ਆਰਥਿਕ ਪਰਸੰਗ 'ਚ ਇਸ ਐਜੀਟੇਸ਼ਨ ਦੀ ਵਿਗਿਆਨ ਨੁਕਤੇ ਤੋਂ ਸਹੀ ਚੀਰ-ਫਾੜ ਕੀਤੀ ਹੈ।

**—ਬਲਬੀਰ ਪਰਵਾਨਾ**